ਪੰਨਾ ਨੰ.:12
ਮੁੱਖ ਮੰਤਰੀ ਭਗਵੰਤ ਮਾਨ ਸਾਹਿਬ ਭਾਰਤੀ ਕਬੱਡੀ ਦੇ ਮਹਾਨ ਕਪਤਾਨ ਸੁਖਬੀਰ ਸਿੰਘ ਸਰਾਵਾਂ ਦੀ ਰਾਜਨੀਤੀ ਵਿੱਚ ਬਾਂਹ ਫੜ੍ਹੇ



ਅੰਦਰਲੀ ਖ਼ਬਰ
ਅਮਿਤ ਸ਼ਾਹ ਦੀ ਮੁਲਾਕਾਤ ਤੋਂ ਕੁਝ ਘੰਟਿਆਂ ਬਾਅਦ ਦੇਰ ਰਾਤ ਮਾਨਸਾ ਪੁੱਜੀ CBI ਦੀ ਟੀਮ, ਜਾਂਚ ਸ਼ੁਰੂ
05

ਅੰਦਰਲੀ ਖ਼ਬਰ
ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦਾ ਪ੍ਰੋ. ਅਤੇ ਸਿੰਘ ਨਾਲ ਰੂ-ਬ-ਰੂ ਸਮਾਗਮ
07

ਪੰਨਾ ਨੰ.:6 ਲੇਖ
ਪੰਜਾਬ ਦੇ ਦਰਿਆਈ ਪਾਣੀਆਂ ਦਾ ਝਗੜਾ : ਵਰਤਮਾਨ ਤੇ ਪਿਛੋਕੜ !

PUNJABSTAR.COM
ਪੰਜਾਬ ਸਟਾਰ

Phone: 905-673-7666 , Fax: 1-289-206-8611
22 ਅਕਤੂਬਰ ਤੋਂ 28 ਅਕਤੂਬਰ, 2026
Email :- editor@punjabstar.com, Vo. 20. Issue:1260

ਪੀਲ ਪੁਲੀਸ ਵੱਲੋਂ ਵਾਹਨ ਚੋਰੀਆਂ ਅਤੇ ਹਿੰਸਕ ਲੁੱਟਾਂ ਦਾ ਪਰਦਾਫਾਸ਼:

ਕਈ ਪੰਜਾਬੀ ਨੌਜਵਾਨ ਗ੍ਰਿਫ਼ਤਾਰ !



(ਪੰਜਾਬ ਸਟਾਰ ਬਿਓਰੋ):

ਗ੍ਰੇਟਰ ਟੋਰਾਂਟੋ ਏਰੀਆ (ਜੀ.ਟੀ.ਏ.) ਵਿੱਚ ਹਿੰਸਕ ਕਾਰਜੈਕਿੰਗ ਅਤੇ ਮਹਿੰਗੀਆਂ ਗੱਡੀਆਂ ਦੀ ਚੋਰੀ ਦੇ ਮਾਮਲਿਆਂ ਵਿੱਚ ਪੀਲ ਰਿਜਨਲ ਪੁਲੀਸ ਨੇ 10 ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਵਿਰੁੱਧ ਕੁੱਲ 128 ਦੋਸ਼ ਆਇਦ ਕੀਤੇ ਹਨ। ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਵਿੱਚ ਪੰਜਾਬੀ ਮੂਲ ਦੇ ਕਈ ਨੌਜਵਾਨਾਂ ਦੇ ਨਾਂ ਵੀ ਸ਼ਾਮਲ ਹਨ।

ਪੁਲੀਸ ਅਨੁਸਾਰ 'ਪ੍ਰੋਜੈਕਟ ਹਾਈ ਗਾਰਡ' ਤਹਿਤ ਕੀਤੀ ਜਾਂਚ ਦੌਰਾਨ 21 ਘਟਨਾਵਾਂ ਦੀਆਂ ਕੜੀਆਂ ਜੋੜੀਆਂ ਗਈਆਂ ਹਨ। ਜੂਨ 2025 ਤੋਂ ਅਪਰੈਲ 2026 ਤੱਕ ਚਲਾਈ ਗਈ ਇਸ ਜਾਂਚ ਦਾ ਮੁੱਖ ਉਦੇਸ਼ ਵਾਹਨ ਚੋਰੀਆਂ ਅਤੇ ਹਿੰਸਕ ਲੁੱਟਾਂ-ਖੋਹਾਂ ਵਿੱਚ ਸ਼ਾਮਲ ਕਥਿਤ ਸੰਗਠਿਤ ਅਪਰਾਧਿਕ ਨੈੱਟਵਰਕ ਦਾ ਪਰਦਾਫਾਸ਼ ਕਰਨਾ ਸੀ। ਜਾਂਚਕਰਤਾਵਾਂ ਮੁਤਾਬਕ ਕੁਝ ਵਾਰਦਾਤਾਂ ਦੌਰਾਨ ਚਾਕੂਆਂ ਅਤੇ ਗ਼ੈਰ-ਕਾਨੂੰਨੀ ਹਥਿਆਰਾਂ ਨਾਲ ਲੋਕਾਂ ਨੂੰ ਧਮਕਾਇਆ ਗਿਆ ਅਤੇ ਉਨ੍ਹਾਂ ਉੱਤੇ ਹਮਲੇ ਵੀ ਕੀਤੇ ਗਏ।

ਗ੍ਰਿਫ਼ਤਾਰ ਕੀਤੇ ਗਿਆਂ ਵਿੱਚ ਏਕਮਵੀਰ ਰੰਧਾਵਾ (20, ਹਾਲਟਨ ਹਿਲਜ਼), ਸ਼ਾਨ ਢੀਂਡਸਾ (20, ਬਰੈਂਪਟਨ), ਆਰੀਅਨ ਦਿਓਲ (20, ਬਰੈਂਪਟਨ), ਮਾਨਵਜੋਤ ਧਾਲੀਵਾਲ (24, ਬਰੈਂਪਟਨ),

* ਬਾਕੀ ਸਫ਼ਾ 2 'ਤੇ

ਫਰਾਂਸ 'ਚ ਵਿਰੋਧ ਪ੍ਰਦਰਸ਼ਨਾਂ ਦੌਰਾਨ ਹੋਈਆਂ ਹਿੰਸਕ ਝੜਪਾਂ ਦੇ ਮਾਮਲੇ 'ਚ 1,800 ਲੋਕ ਗ੍ਰਿਫ਼ਤਾਰ

(ਪੰਜਾਬ ਸਟਾਰ ਬਿਓਰੋ):

ਫਰਾਂਸ ਵਿੱਚ ਮਹਿੰਗਾਈ ਅਤੇ ਸਕੂਲਾਂ ਦੀ ਮਾੜੀ ਹਾਲਤ ਦੇ ਵਿਰੋਧ ਵਿੱਚ ਸ਼ਨਿੱਚਰਵਾਰ ਨੂੰ ਹੋਏ ਵੱਡੇ ਪੱਧਰ 'ਤੇ ਦੇਸ਼-ਵਿਆਪੀ ਪ੍ਰਦਰਸ਼ਨਾਂ ਦੌਰਾਨ ਪੁਲੀਸ ਨਾਲ ਹਿੰਸਕ ਝੜਪਾਂ, ਲੁੱਟ-ਖੋਹ ਅਤੇ ਅੱਗਜ਼ਨੀ ਦੇ ਮਾਮਲੇ ਵਿੱਚ ਘੱਟੋ-ਘੱਟ 1,800 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਅਧਿਕਾਰੀਆਂ ਨੇ ਐਤਵਾਰ ਨੂੰ ਇਹ ਜਾਣਕਾਰੀ ਦਿੱਤੀ।

ਅਧਿਕਾਰੀਆਂ ਨੇ ਦੱਸਿਆ ਕਿ ਸ਼ਨਿੱਚਰਵਾਰ ਨੂੰ ਨਕਾਬਪੋਸ਼ ਪ੍ਰਦਰਸ਼ਨਕਾਰੀਆਂ ਨੇ ਕਈ ਸ਼ਹਿਰਾਂ ਵਿੱਚ ਸਿਟੀ ਹਾਲ ਸਮੇਤ ਜਨਤਕ ਇਮਾਰਤਾਂ 'ਤੇ ਹਮਲਾ ਕੀਤਾ ਅਤੇ ਅੱਗ ਲਗਾ ਦਿੱਤੀ। ਮੱਧ ਫਰਾਂਸ ਦੇ ਲਿਮੋਜ ਸ਼ਹਿਰ ਵਿੱਚ ਪ੍ਰਦਰਸ਼ਨਕਾਰੀਆਂ ਨੇ 19ਵੀਂ ਸਦੀ ਦੇ ਸਿਟੀ ਹਾਲ ਨੂੰ ਅੱਗ ਲਗਾ ਦਿੱਤੀ, ਜਿਸ ਕਾਰਨ ਉਸਦੀ ਛੱਤ ਡਿੱਗ ਗਈ।

ਗ੍ਰਹਿ ਮੰਤਰੀ ਲੌਰੇਂਟ ਨੁਨੇਜ਼ ਨੇ 'ਐਕਸ' (X) 'ਤੇ ਇੱਕ ਪੋਸਟ ਵਿੱਚ ਕਿਹਾ, "ਵਿਰੋਧ ਪ੍ਰਦਰਸ਼ਨ ਕਰਨਾ ਇੱਕ ਮੌਲਿਕ ਅਧਿਕਾਰ ਹੈ, ਪਰ ਹਿੰਸਾ ਰਾਹੀਂ ਜਾਣਬੁੱਝ ਕੇ ਅਤੇ ਸਮੂਹਿਕ ਤੌਰ 'ਤੇ ਅਰਾਜਕਤਾ ਫੈਲਾਉਣਾ ਬਿਲਕੁਲ ਨਹੀਂ।" ਉਨ੍ਹਾਂ ਨੇ ਪੈਰਿਸ, ਮਾਰਸੇਲ, ਲਿਓਨ, ਬੋਰਡੋ, ਸਟ੍ਰਾਸਬਰਗ ਸਮੇਤ ਹੋਰ ਕਈ ਸ਼ਹਿਰਾਂ ਵਿੱਚ ਸੈਂਕੜੇ ਦੁਕਾਨਾਂ ਦੀ ਲੁੱਟ-ਖੋਹ ਦਾ ਜ਼ਿਕਰ ਕੀਤਾ। ਗ੍ਰਹਿ ਮੰਤਰੀ ਅਤੇ ਪ੍ਰਧਾਨ ਮੰਤਰੀ ਸੇਬੇਸਟੀਅਨ ਲੇਕੋਰਨੂ ਨੇ ਹਿੰਸਾ ਲਈ "ਕੱਟੜਪੰਥੀ ਖੱਬੇ-ਪੱਖੀ ਸਮੂਹਾਂ" ਨੂੰ ਜ਼ਿੰਮੇਵਾਰ ਠਹਿਰਾਇਆ ਅਤੇ ਕਿਹਾ ਕਿ ਬਾਅਦ ਵਿੱਚ ਲੁੱਟ-ਖੋਹ ਕਰਨ ਦੇ ਇਰਾਦੇ ਨਾਲ ਹੋਰ ਸ਼ਰਾਰਤੀ ਅਨਸਰ ਵੀ ਇਸ ਵਿੱਚ ਸ਼ਾਮਲ ਹੋ ਗਏ।

ਪੈਰਿਸ ਪੁਲੀਸ ਨੇ ਐਤਵਾਰ ਨੂੰ ਦੱਸਿਆ ਕਿ ਇਕੱਲੇ ਰਾਜਧਾਨੀ ਵਿੱਚ ਹੀ 855 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਪੂਰੇ ਫਰਾਂਸ ਵਿੱਚ ਇਨ੍ਹਾਂ ਪ੍ਰਦਰਸ਼ਨਾਂ ਵਿੱਚ ਲਗਪਗ 5,50,000 ਲੋਕਾਂ ਨੇ ਹਿੱਸਾ ਲਿਆ, ਜਦਕਿ ਆਯੋਜਕਾਂ ਮੁਤਾਬਕ ਇਹ ਗਿਣਤੀ ਕਰੀਬ 8,00,000 ਸੀ।

* ਬਾਕੀ ਸਫ਼ਾ 2 'ਤੇ

ਅਲਬਰਟਾ ਦੇ ਵੋਟਰਾਂ ਨੇ ਕੈਨੇਡਾ ਤੋਂ ਵੱਖ ਹੋਣ ਦਾ ਪ੍ਰਸਤਾਵ ਕੀਤਾ ਰੱਦ

76 ਫੀਸਦੀ ਵੋਟਰਾਂ ਨੇ ਕੈਨੇਡਾ ਦੇ ਨਾਲ ਰਹਿਣ ਦਾ ਕੀਤਾ ਸਮਰਥਨ

ਕੈਲਗਰੀ, (ਪੰਜਾਬ ਸਟਾਰ ਬਿਓਰੋ): ਅਲਬਰਟਾ ਦੇ ਕੈਨੇਡਾ ਦਾ ਹਿੱਸਾ ਬਣੇ ਰਹਿਣ ਜਾਂ ਵੱਖਰਾ ਮੁਲਕ ਬਣਾਏ ਜਾਣ ਦੀ ਪ੍ਰਕਿਰਿਆ ਨੂੰ ਹਾਂ ਕਹਿਣ ਲਈ ਕਰਵਾਏ ਗਈ ਰਾਇਸ਼ੁਮਾਰੀ ਲਈ 10 ਲੱਖ ਤੋਂ ਉਪਰ ਅਲਬਰਟਾ ਵਾਸੀਆਂ ਨੇ ਵੋਟਾਂ ਪਾਈਆਂ। ਰਾਤ ਤੱਕ ਆਏ ਅਣ-ਅਧਿਕਾਰਤ ਨਤੀਜਿਆਂ ਮੁਤਾਬਕ ਅਲਬਰਟਾ ਵਾਸੀਆਂ ਨੇ ਕੈਨੇਡਾ ਦਾ ਹਿੱਸਾ ਬਣੇ ਰਹਿਣ ਦਾ ਫੈਸਲਾ ਕੀਤਾ ਹੈ ਤੇ ਉਨ੍ਹਾਂ ਨੇ ਵੱਖਵਾਦ ਬਾਰੇ ਰਸਮੀ ਜਨਮਤ ਕਰਵਾਉਣ ਦੇ ਵਿਚਾਰ ਨੂੰ ਸਪੱਸ਼ਟ ਤੌਰ 'ਤੇ ਰੱਦ ਕਰ ਦਿੱਤਾ ਹੈ।

* ਬਾਕੀ ਸਫ਼ਾ 2 'ਤੇ

ਅਲਬਰਟਾ ਵਾਸੀਆਂ ਨੇ ਕੈਨੇਡਾ ਤੋਂ ਵੱਖ ਹੋਣ ਦੀ ਤਜਵੀਜ਼ ਨਕਾਰੀ

76 ਫ਼ੀਸਦੀ ਨੇ ਦੇਸ਼ ਨਾਲ ਰਹਿਣ ਦੇ ਹੱਕ 'ਚ ਪਾਈ ਵੋਟ

ਟੋਰਾਂਟੋ (ਬਲਜਿੰਦਰ ਸੇਖਾ) — ਕੈਨੇਡਾ ਦੇ ਸੂਬੇ ਅਲਬਰਟਾ ਦੇ ਵੋਟਰਾਂ ਨੇ ਦੇਸ਼ ਤੋਂ ਵੱਖ ਹੋਣ ਦੀ ਦਿਸ਼ਾ ਵਿੱਚ ਅੱਗੇ ਵਧਣ ਦੀ ਤਜਵੀਜ਼ ਨੂੰ ਵੱਡੇ ਬਹੁਮਤ ਨਾਲ ਰੱਦ ਕਰ ਦਿੱਤਾ ਹੈ। ਸੋਮਵਾਰ, 19 ਅਕਤੂਬਰ ਨੂੰ ਹੋਏ ਗੈਰ-ਬਾਈਂਡਿੰਗ ਜਨਮਤ ਸੰਗ੍ਰਹਿ ਦੇ ਸ਼ੁਰੂਆਤੀ ਨਤੀਜਿਆਂ ਅਨੁਸਾਰ ਲਗਭਗ 76 ਫ਼ੀਸਦੀ ਵੋਟਰਾਂ ਨੇ ਕੈਨੇਡਾ ਦਾ ਸੂਬਾ ਬਣੇ ਰਹਿਣ ਦੇ ਹੱਕ ਵਿੱਚ ਵੋਟ ਪਾਈ,

* ਬਾਕੀ ਸਫ਼ਾ 2 'ਤੇ

ਜਗਮੀਤ ਸਿੰਘ ਦੀਆਂ ਫ਼ਰਜ਼ੀ ਤਸਵੀਰਾਂ ਵਾਇਰਲ ਕਰਕੇ ਸੋਸ਼ਲ ਮੀਡੀਆ 'ਤੇ ਨਿਵੇਸ਼ ਘੁਟਾਲੇ ਦਾ ਮਾਮਲਾ ਚਰਚਾ 'ਚ



(ਪੰਜਾਬ ਸਟਾਰ ਬਿਓਰੋ):

ਸੋਸ਼ਲ ਮੀਡੀਆ 'ਤੇ ਇਨ੍ਹੀਂ ਦਿਨੀਂ ਇੱਕ ਲਾਲ ਰੰਗ ਦਾ 'ਨਾਇਕੀ ਡਫਲ ਬੈਗ' ਕਾਫ਼ੀ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਕੈਨੇਡਾ ਦੀ 'ਨਿਊ ਡੈਮੋਕ੍ਰੇਟਿਕ ਪਾਰਟੀ' (NDP) ਦੇ ਆਗੂ ਜਗਮੀਤ ਸਿੰਘ ਦੀਆਂ ਵਾਇਰਲ ਹੋ ਰਹੀਆਂ ਕਥਿਤ ਤਸਵੀਰਾਂ ਵਿੱਚ ਇਹ ਬੈਗ ਕਦੇ ਪੁਲੀਸ ਹਿਰਾਸਤ ਦੌਰਾਨ ਅਤੇ ਕਦੇ ਵਿਵਾਦਪੂਰਨ ਹਾਲਾਤ ਵਿੱਚ ਦਿਖਾਇਆ ਜਾ ਰਿਹਾ ਹੈ। ਹਾਲਾਂਕਿ, ਇਸ ਘਟਨਾ ਦਾ ਸੱਚ ਕਿਸੇ ਸਿਆਸੀ ਘਟਨਾਕ੍ਰਮ ਨਾਲ ਨਹੀਂ, ਸਗੋਂ ਆਰਟੀਫੀਸ਼ੀਅਲ ਇੰਟੈਲੀਜੈਂਸ (AI) ਦੁਆਰਾ ਤਿਆਰ ਕੀਤੀਆਂ ਫ਼ਰਜ਼ੀ ਤਸਵੀਰਾਂ ਰਾਹੀਂ ਚਲਾਏ ਜਾ ਰਹੇ ਇੱਕ ਵੱਡੇ ਆਨਲਾਈਨ ਨਿਵੇਸ਼ ਘੁਟਾਲੇ ਨਾਲ ਜੁੜਿਆ ਹੋਇਆ ਹੈ।

'ਨਾਓ ਟੋਰਾਂਟੋ' ਦੀ ਰਿਪੋਰਟ ਅਨੁਸਾਰ ਸੋਸ਼ਲ ਮੀਡੀਆ ਪਲੇਟਫ਼ਾਰਮ 'ਐਕਸ' (ਟਵਿੱਟਰ) 'ਤੇ ਫੈਲਾਏ ਜਾ ਰਹੇ ਜਾਅਲੀ ਇਸ਼ਤਿਹਾਰ ਵੋਟਰਾਂ ਤੇ ਵਰਤੋਂਕਾਰਾਂ ਨੂੰ ਅਜਿਹੀਆਂ ਵੈੱਬਸਾਈਟਾਂ ਵੱਲ ਲੈ ਜਾਂਦੇ ਹਨ, ਜੋ ਦੇਖਣ ਵਿੱਚ ਸੀਬੀਸੀ ਨਿਊਜ਼ ਵਰਗੀਆਂ ਭਰੋਸੇਯੋਗ ਖ਼ਬਰ ਸੰਸਥਾਵਾਂ ਦੀਆਂ ਅਸਲ ਵੈੱਬਸਾਈਟਾਂ ਵਰਗੀਆਂ ਲੱਗਦੀਆਂ ਹਨ।

ਇਨ੍ਹਾਂ ਵੈੱਬਸਾਈਟਾਂ ਉੱਤੇ ਇਹ ਝੂਠਾ ਦਾਅਵਾ ਕੀਤਾ ਜਾਂਦਾ ਹੈ ਕਿ ਜਗਮੀਤ ਸਿੰਘ ਨੇ ਸੀਬੀਸੀ ਦੇ ਪ੍ਰੋਗਰਾਮ 'ਪਾਵਰ ਐਂਡ ਪਾਲਿਟਿਕਸ' ਦੌਰਾਨ 'Groman Pro' ਨਾਂ ਦੇ ਨਿਵੇਸ਼ ਪਲੇਟਫ਼ਾਰਮ ਦਾ ਪ੍ਰਚਾਰ ਕੀਤਾ ਸੀ ਅਤੇ ਬਾਅਦ ਵਿੱਚ ਇਸੇ ਮਾਮਲੇ ਵਿੱਚ ਉਨ੍ਹਾਂ ਨੂੰ

* ਬਾਕੀ ਸਫ਼ਾ 2 'ਤੇ

ਡੈਮੋਕਰੈਟ ਜਿੱਤੇ ਤਾਂ ਫਰਾਂਸ ਵਾਂਗ ਸੜੇਗਾ ਅਮਰੀਕਾ: ਟਰੰਪ

(ਪੰਜਾਬ ਸਟਾਰ ਬਿਓਰੋ):

ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਫਰਾਂਸ ਵਿੱਚ ਫੈਲੀ ਹਿੰਸਕ ਗੜਬੜ ਨੂੰ ਡੈਮੋਕਰੇਟਾਂ ਵਿਰੁੱਧ ਦਲੀਲ ਵਜੋਂ ਵਰਤਦਿਆਂ ਆਖਿਆ ਕਿ ਜੇ ਡੈਮੋਕਰੈਟ ਜਿੱਤ ਗਏ ਤਾਂ ਫਰਾਂਸ ਵਾਂਗ ਅਮਰੀਕਾ ਵੀ ਸੜੇਗਾ। ਉਨ੍ਹਾਂ ਨੇ ਇਹ ਟਿੱਪਣੀ ਸੋਮਵਾਰ ਨੂੰ ਕੰਸਾਸ ਵਿੱਚ ਰੈਲੀ ਦੌਰਾਨ ਕੀਤੀ। ਉਹ ਕੰਸਾਸ ਵਿੱਚ ਉਹ ਸੀਟ ਬਚਾਉਣ ਦੀ ਕੋਸ਼ਿਸ਼ ਕਰ ਰਹੇ ਹਨ ਜਿਸ ਉੱਤੇ ਲੰਮੇ ਸਮੇਂ ਤੋਂ ਰਿਪਬਲਿਕਨ ਕਾਬਜ਼ ਹਨ ਪਰ ਹੁਣ ਇਸ ਦੇ ਉਨ੍ਹਾਂ ਦੇ ਵਿਰੋਧੀਆਂ ਦੇ ਹੱਥਾਂ ਵਿੱਚ ਜਾਣ ਦਾ ਖ਼ਤਰਾ ਹੈ।

ਰਿਪਬਲਿਕਨ ਉਮੀਦਵਾਰ ਰੋਜਰ ਮਾਰਸ਼ਲ ਦੀ ਹਮਾਇਤ 'ਚ ਡੋਨਲਡ ਟਰੰਪ ਦੀ

* ਬਾਕੀ ਸਫ਼ਾ 2 'ਤੇ

ਕੈਨੇਡਾ 'ਚ ਫੂਡ ਬੈਂਕਾਂ 'ਤੇ ਵਧਿਆ ਬੋਝ, ਮਹਿੰਗਾਈ ਨੇ ਤੋੜੇ ਰਿਕਾਰਡ

2026 'ਚ ਹਰ ਮਹੀਨੇ 23.5 ਲੱਖ ਵਾਰ ਫੂਡ ਬੈਂਕਾਂ ਤੱਕ ਪਹੁੰਚੇ ਲੋਕ; 2019 ਦੇ ਮੁਕਾਬਲੇ 117 ਫ਼ੀਸਦੀ ਵਾਧਾ

ਕੈਨੇਡਾ (ਸੇਖਾ ਨਿਊਜ਼ ਨੈੱਟਵਰਕ): ਕੈਨੇਡਾ ਵਿੱਚ ਲਗਾਤਾਰ ਵਧ ਰਹੀ ਮਹਿੰਗਾਈ ਅਤੇ ਜੀਵਨ ਬਸਰ ਕਰਨ ਦੇ ਖ਼ਰਚਿਆਂ ਕਾਰਨ ਲੋਕਾਂ ਦੀਆਂ ਮੁਸ਼ਕਲਾਂ ਵਧਦੀਆਂ ਜਾ ਰਹੀਆਂ ਹਨ। ਫੂਡ ਬੈਂਕਸ ਕੈਨੇਡਾ ਦੀ ਤਾਜ਼ਾ ਹੰਗਰਕਾਊਂਟ (HungerCount) ਰਿਪੋਰਟ ਅਨੁਸਾਰ, ਸਾਲ 2026 ਵਿੱਚ ਦੇਸ਼ ਭਰ ਦੇ ਫੂਡ ਬੈਂਕਾਂ 'ਤੇ ਹਰ ਮਹੀਨੇ ਲਗਭਗ 23.5 ਲੱਖ ਵਾਰ ਲੋਕਾਂ ਨੇ ਸਹਾਇਤਾ ਲਈ ਪਹੁੰਚ ਕੀਤੀ। ਇਹ ਗਿਣਤੀ ਪਿਛਲੇ ਸਾਲ ਨਾਲੋਂ ਲਗਭਗ 9 ਫ਼ੀਸਦੀ ਅਤੇ ਸਾਲ 2019 ਦੇ ਮੁਕਾਬਲੇ 117 ਫ਼ੀਸਦੀ ਵੱਧ ਹੈ।

ਫੂਡ ਬੈਂਕਸ ਕੈਨੇਡਾ ਦੀ ਮੁੱਖ ਕਾਰਜਕਾਰੀ ਅਧਿਕਾਰੀ ਕਿਰਸਟਿਨ ਬੀਅਰਡਸਲੀ ਨੇ ਕਿਹਾ ਕਿ ਇਹ ਅੰਕੜੇ ਉਸ ਸਥਿਤੀ ਨੂੰ ਦਰਸਾਉਂਦੇ ਹਨ, ਜਿੱਥੇ ਲੱਖਾਂ ਲੋਕਾਂ ਕੋਲ ਮੁਸ਼ਕਲਾਂ ਨਾਲ ਨਜਿੱਠਣ ਲਈ ਹੋਰ ਕੋਈ ਰਾਹ ਨਹੀਂ ਬਚਿਆ।

* ਬਾਕੀ ਸਫ਼ਾ 2 'ਤੇ

ਬੀਸੀ 'ਚ ਐੱਨਡੀਪੀ ਦਾ ਗੜ੍ਹ ਖ਼ਤਰੇ 'ਚ

ਸਰੀ ਦੀਆਂ ਸੀਟਾਂ 'ਤੇ ਕੰਜ਼ਰਵੇਟਿਵਾਂ ਦੀ ਮਜ਼ਬੂਤ ਪਕੜ

(ਪੰਜਾਬ ਸਟਾਰ ਬਿਓਰੋ): ਕੈਨੇਡਾ ਦੇ ਪੱਛਮੀ ਤੱਟੀ ਸੂਬੇ ਬ੍ਰਿਟਿਸ਼ ਕੋਲੰਬੀਆ (BC) ਵਿੱਚ 24 ਅਕਤੂਬਰ ਨੂੰ ਹੋਣ ਜਾ ਰਹੀਆਂ ਮੱਧਕਾਲੀ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਸਿਆਸੀ ਪਾਰਾ ਚੜ੍ਹ ਗਿਆ ਹੈ ਅਤੇ ਸੂਬੇ ਵਿੱਚ ਬਦਲਾਅ ਦੀ ਹਵਾ ਰੁਮਕਦੀ ਨਜ਼ਰ ਆ ਰਹੀ ਹੈ। ਵੱਖ-ਵੱਖ ਸਰਵੇਖਣ ਏਜੰਸੀਆਂ ਅਨੁਸਾਰ ਅਗਲੀ ਸਰਕਾਰ ਦੇ ਗਠਨ ਵਿੱਚ ਗ੍ਰੀਨ ਪਾਰਟੀ 'ਕਿੰਗਮੇਕਰ' ਦੀ ਭੂਮਿਕਾ ਨਿਭਾ ਸਕਦੀ ਹੈ। ਆਮ ਤੌਰ 'ਤੇ 2-3 ਸੀਟਾਂ ਜਿੱਤਣ ਵਾਲੀ ਗ੍ਰੀਨ ਪਾਰਟੀ ਨੂੰ ਇਸ

* ਬਾਕੀ ਸਫ਼ਾ 2 'ਤੇ

ਟੈਲੀਵਿਜ਼ਨ ਚੈਨਲ ਲਈ ਐਂਕਰ/ਮਾਰਕੀਟਿੰਗ ਸਟਾਫ਼ ਦੀ ਲੋੜ ਹੈ
ਮਿਸੀਸਾਗਾ ਸਥਿਤ ਟੈਲੀਵਿਜ਼ਨ ਚੈਨਲ ਨੂੰ ਐਂਕਰ (ਹੋਸਟ) ਅਤੇ ਮਾਰਕੀਟਿੰਗ ਲਈ ਲੜਕੇ/ਲੜਕੀਆਂ ਦੀ ਲੋੜ ਹੈ, ਵਧੇਰੇ ਜਾਣਕਾਰੀ ਲਈ 905-673-7666 'ਤੇ ਸੰਪਰਕ ਕਰ ਸਕਦੇ ਹਨ। ਤੁਸੀਂ ਚੰਗੇ ਪੈਸੇ ਬਣਾ ਸਕਦੇ ਹੋ।

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕਰਜ਼ੇ ਦੀ ਸਿਰਦਰਦੀ ?
ਮੁਫਤ ਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਸਿੰਘ ਹੁੰਦਲ ਨੂੰ ਕਾਲ ਕਰੋ
www.MakeMeDebtFree.ca
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available
1888-864-3131
416-502-3100
Jasbir Singh Hundal
Registered Credit Counsellor
Unit #20 - 7015 Tranmere Drive, Mississauga, ON, L5S 1T7



BRAR TAMBER RIGBY
PERSONAL INJURY LAWYERS
We Help Get You the Compensation You Deserve
Book a free consultation:
1-833-BRAR-LAW
PERSONAL INJURY
• Auto Accident
• Pedestrian Hit Accident
• Slip & Fall
• Bicycle Accident
• Family Member Claims
• Short & Long-Term Disability
• CPP Disability
• Wrongful Death & Fata accidents

FOR ALL YOUR REAL ESTATE NEEDS
ਕਿਸੇ ਤਰ੍ਹਾਂ ਦੀ ਵੀ ਪ੍ਰੌਪਰਟੀ ਖਰੀਦਣ ਜਾਂ ਵੇਚਣ ਲਈ ਜ਼ਰੂਰ ਸੰਪਰਕ ਕਰੋ

HOMELIFE
HIGHER STANDARDS
HOMELIFE MAPLE LEAF REALTY LTD., BROKERAGE
Independently Owned and Operated
Ph: 905-456-9090

Harjit Brar
Sales Representat ve
416-417-6010
Vik Mehmi
Broker
416-500-6262

ਹਵਾਈ ਟਿਕਟਾਂ ਦੇ ਕਿਰਾਏ 'ਤੇ ਸਰਕਾਰ ਦੀ ਨਜ਼ਰ

ਮਨਮਾਨੇ ਰੇਟ ਵਸੂਲਣ 'ਤੇ ਲੱਗ ਸਕਦੀ ਹੈ ਰੋਕ

ਤਿਉਹਾਰਾਂ ਦੇ ਸੀਜ਼ਨ ਵਿੱਚ ਹਵਾਈ ਟਿਕਟਾਂ ਦੀਆਂ ਵਧਦੀਆਂ ਕੀਮਤਾਂ ਵਿਚਕਾਰ ਕੇਂਦਰ ਸਰਕਾਰ ਨੇ ਨਵੇਂ ਨਿਯਮਾਂ ਨੂੰ ਲੈ ਕੇ ਆਪਣਾ ਪੱਖ ਸਪੱਸ਼ਟ ਕੀਤਾ ਹੈ। ਸਰਕਾਰ ਮੁਤਾਬਕ, ਏਅਰਲਾਈਨਾਂ ਦੇ ਕਿਰਾਏ ਨੂੰ ਹਰ ਸਮੇਂ ਸਿੱਧੇ ਤੌਰ 'ਤੇ ਕੰਟਰੋਲ ਨਹੀਂ ਕੀਤਾ ਜਾਵੇਗਾ। ਕੰਪਨੀਆਂ ਮੰਗ ਅਤੇ ਉਪਲਬਧ ਸੀਟਾਂ ਦੇ ਆਧਾਰ 'ਤੇ ਟਿਕਟਾਂ ਦੀ ਕੀਮਤ ਤੈਅ ਕਰ ਸਕਣਗੀਆਂ। ਹਾਲਾਂਕਿ, ਕੁਦਰਤੀ ਆਫ਼ਤ ਜਾਂ ਐਮਰਜੈਂਸੀ ਵਰਗੇ ਹਾਲਾਤ ਵਿੱਚ ਸਰਕਾਰ ਕੋਲ ਕਿਰਾਏ ਤੈਅ ਕਰਨ ਦਾ ਅਧਿਕਾਰ ਰਹੇਗਾ, ਤਾਂ ਜੋ ਮੁਸ਼ਕਲ ਸਮੇਂ ਯਾਤਰੀਆਂ ਤੋਂ ਬੇਹੱਦ ਵੱਧ ਪੈਸੇ ਨਾ ਵਸੂਲੇ ਜਾਣ।

ਟਿਕਟਾਂ ਦੇ ਕਿਰਾਏ ਦੀ ਜਾਣਕਾਰੀ ਪਹਿਲਾਂ ਦੇਣੀ ਹੋਵੇਗੀ

ਸੂਤਰਾਂ ਮੁਤਾਬਕ, ਪ੍ਰਸਤਾਵਿਤ ਨਿਯਮਾਂ ਤਹਿਤ ਏਅਰਲਾਈਨਾਂ ਨੂੰ ਆਪਣੀਆਂ ਉਡਾਣਾਂ ਦੇ ਕਿਰਾਏ ਦੀ ਜਾਣਕਾਰੀ ਇੱਕ ਮਹੀਨਾ ਪਹਿਲਾਂ ਡਾਇਰੈਕਟੋਰੇਟ ਜਨਰਲ ਆਫ਼ ਸਿਵਲ ਐਵੀਏਸ਼ਨ (DGCA) ਨੂੰ ਦੇਣੀ ਪਵੇਗੀ। ਇਹ ਜਾਣਕਾਰੀ ਕੰਪਨੀਆਂ ਨੂੰ ਆਪਣੀਆਂ ਵੈੱਬਸਾਈਟਾਂ 'ਤੇ ਵੀ ਦਿਖਾਉਣੀ ਹੋਵੇਗੀ।

DGCA ਦੀ ਜ਼ਿੰਮੇਵਾਰੀ ਹੋਵੇਗੀ ਕਿ ਉਹ ਕਿਰਾਏ 'ਤੇ ਨਜ਼ਰ ਰੱਖੇ ਅਤੇ ਇਹ ਜਾਂਚੇ ਕਿ ਕੋਈ ਏਅਰਲਾਈਨ ਨਿਰਧਾਰਤ ਹੱਦ ਤੋਂ ਵੱਧ ਕੀਮਤ ਤਾਂ ਨਹੀਂ ਵਸੂਲ ਰਹੀ। ਇਨ੍ਹਾਂ ਨਿਯਮਾਂ ਦਾ ਮਕਸਦ ਹਵਾਈ ਯਾਤਰੀਆਂ ਨੂੰ ਕਿਰਾਏ ਸਬੰਧੀ ਵਧੇਰੇ ਪਾਰਦਰਸ਼ਤਾ ਦੇਣਾ ਅਤੇ ਮਨਮਾਨੀ ਕੀਮਤ ਵਸੂਲਣ ਦੀ ਸੰਭਾਵਨਾ ਨੂੰ ਘਟਾਉਣਾ ਹੈ।

ਸੁਪਰੀਮ ਕੋਰਟ ਵਿੱਚ ਸਰਕਾਰ ਨੇ ਕੀ ਕਿਹਾ?

ਇਸ ਤੋਂ ਪਹਿਲਾਂ ਕੇਂਦਰ ਸਰਕਾਰ ਨੇ ਸ਼ੁੱਕਰਵਾਰ ਨੂੰ ਸੁਪਰੀਮ ਕੋਰਟ ਨੂੰ ਦੱਸਿਆ ਸੀ ਕਿ ਏਅਰਲਾਈਨਾਂ ਵੱਲੋਂ ਮਨਮਾਨੇ ਕਿਰਾਏ ਵਸੂਲਣ ਨੂੰ ਰੋਕਣ ਲਈ ਦੋ ਹਫ਼ਤਿਆਂ ਦੇ ਅੰਦਰ ਨਵੇਂ ਨਿਯਮ ਲਾਗੂ ਕੀਤੇ ਜਾਣਗੇ।

ਅਦਾਲਤ ਸਮਾਜਿਕ ਕਾਰਕੁਨ ਐੱਸ. ਲਕਸ਼ਮੀਨਾਰਾਇਣ ਵੱਲੋਂ ਦਾਇਰ ਪਟੀਸ਼ਨ 'ਤੇ ਸੁਣਵਾਈ ਕਰ ਰਹੀ ਸੀ। ਇਸ ਪਟੀਸ਼ਨ ਵਿੱਚ ਤਿਉਹਾਰਾਂ ਅਤੇ ਛੁੱਟੀਆਂ ਦੌਰਾਨ ਹਵਾਈ ਟਿਕਟਾਂ ਦੀਆਂ ਬੇਹੱਦ ਵਧੀਆਂ ਕੀਮਤਾਂ ਅਤੇ ਟਿਕਟਾਂ ਨਾਲ ਜੁੜੇ ਲੁਕਵੇਂ ਖ਼ਰਚਿਆਂ 'ਤੇ ਰੋਕ ਲਗਾਉਣ ਦੀ ਮੰਗ ਕੀਤੀ ਗਈ ਹੈ।

ਅਮਰੀਕਾ 'ਚ ਹਿੰਦੂ ਮੰਦਰ 'ਤੇ ਹਮਲੇ ਦੀ ਕੋਸ਼ਿਸ਼

105 ਸੰਸਦ ਮੈਂਬਰਾਂ ਨੇ FBI ਨੂੰ ਲਿਖੀ ਚਿੱਠੀ

ਅਮਰੀਕਾ ਵਿੱਚ ਹਿੰਦੂ ਮੰਦਰ ਦੇ ਬਾਹਰ ਗੋਲੀ ਚਲਾਉਣ ਦੀ ਕੋਸ਼ਿਸ਼ ਦੇ ਮਾਮਲੇ ਨੇ ਵੱਡਾ ਰੂਪ ਧਾਰ ਲਿਆ ਹੈ। ਅਮਰੀਕੀ ਕਾਂਗਰਸ ਦੇ 105 ਮੈਂਬਰਾਂ ਨੇ ਐੱਫਬੀਆਈ ਨੂੰ ਚਿੱਠੀ ਲਿਖ ਕੇ ਇਸ ਘਟਨਾ ਦੀ ਜਾਂਚ ਨਫ਼ਰਤੀ ਅਪਰਾਧ ਵਜੋਂ ਕਰਨ ਦੀ ਮੰਗ ਕੀਤੀ ਹੈ। ਸੰਸਦ ਮੈਂਬਰਾਂ ਨੇ ਚਿੰਤਾ ਜਤਾਈ ਕਿ ਅਮਰੀਕਾ ਵਿੱਚ ਭਾਰਤੀ ਮੂਲ ਦੇ ਲੋਕਾਂ ਅਤੇ ਦੱਖਣੀ ਏਸ਼ਿਆਈ ਭਾਈਚਾਰੇ ਵਿਰੁੱਧ ਆਨਲਾਈਨ ਨਫ਼ਰਤ ਵਧ ਰਹੀ ਹੈ, ਜਿਸ ਦੇ ਗੰਭੀਰ ਨਤੀਜੇ ਨਿਕਲ ਸਕਦੇ ਹਨ।

ਹਿੰਦੂ ਮੰਦਰ ਦੇ ਬਾਹਰ ਗੋਲੀ ਚਲਾਉਣ ਦੀ ਕੋਸ਼ਿਸ਼

ਭਾਰਤੀ ਮੂਲ ਦੇ ਅਮਰੀਕੀ ਸੰਸਦ ਮੈਂਬਰ ਰਾਜਾ ਕ੍ਰਿਸ਼ਨਾਮੂਰਤੀ ਦੀ ਅਗਵਾਈ ਹੇਠ ਲਿਖੀ ਚਿੱਠੀ ਐੱਫਬੀਆਈ ਡਾਇਰੈਕਟਰ ਕਸ਼ ਪਟੇਲ ਨੂੰ ਭੇਜੀ ਗਈ ਹੈ। ਇਸ ਵਿੱਚ 11 ਅਕਤੂਬਰ ਨੂੰ ਇਲੀਨੋਇਸ ਦੇ ਔਰੋਰਾ ਸ਼ਹਿਰ ਵਿੱਚ ਸਥਿਤ ਸ਼੍ਰੀ ਵੈਂਕਟੇਸ਼ਵਰ ਸਵਾਮੀ, ਯਾਨੀ ਬਾਲਾਜੀ ਹਿੰਦੂ ਮੰਦਰ ਦੇ ਬਾਹਰ ਵਾਪਰੀ ਘਟਨਾ ਦੀ ਜਾਂਚ ਬਾਰੇ ਜਾਣਕਾਰੀ ਮੰਗੀ ਗਈ ਹੈ। ਘਟਨਾ ਸਮੇਂ ਰਾਜਾ ਕ੍ਰਿਸ਼ਨਾਮੂਰਤੀ ਆਪਣੇ ਪਰਿਵਾਰ ਨਾਲ ਮੰਦਰ ਵਿੱਚ ਪੂਜਾ ਕਰ ਰਹੇ ਸਨ।

ਸਰਕਾਰੀ ਵਕੀਲਾਂ ਮੁਤਾਬਕ, 19 ਸਾਲਾ ਅਲੈਗਜ਼ੈਂਡਰੋਸ ਪਾਪੋਰਾਕਿਸ ਨੇ ਮੰਦਰ ਦੇ ਬਾਹਰ ਇੱਕ ਵਿਅਕਤੀ 'ਤੇ ਗੋਲੀ ਚਲਾਉਣ ਦੀ ਕੋਸ਼ਿਸ਼ ਕੀਤੀ ਸੀ, ਪਰ ਉਸ ਦੀ ਰਾਈਫ਼ਲ ਅੜ ਗਈ। ਇਸ ਤੋਂ ਬਾਅਦ ਉਹ ਮੌਕੇ ਤੋਂ ਭੱਜ ਗਿਆ। ਦੱਸਿਆ ਗਿਆ ਹੈ ਕਿ ਉਸ ਨੇ ਮੁੜ ਵਾਪਸ ਆਉਣ ਦੀ ਯੋਜਨਾ ਬਾਰੇ ਗੱਲ ਕੀਤੀ ਸੀ। ਉਸ ਦੇ ਇੱਕ ਸਹਿਕਰਮੀ ਨੇ ਇਸ ਬਾਰੇ ਪੁਲੀਸ ਨੂੰ ਸੂਚਿਤ ਕਰ ਦਿੱਤਾ, ਜਿਸ ਤੋਂ ਬਾਅਦ ਉਸ ਨੂੰ ਉਸੇ ਦਿਨ ਗ੍ਰਿਫ਼ਤਾਰ ਕਰ ਲਿਆ ਗਿਆ।

ਨਸਲੀ ਮੈਨੀਫੈਸਟੋ ਤੇ ਹਥਿਆਰ ਬਰਾਮਦ ਹੋਣ ਦਾ ਦਾਅਵਾ

ਜਾਂਚਕਰਤਾਵਾਂ ਦਾ ਕਹਿਣਾ ਹੈ ਕਿ ਮੁਲਜ਼ਮ ਨੇ ਅੱਠ ਪੰਨਿਆਂ ਦਾ ਇੱਕ ਨਸਲੀ ਮੈਨੀਫੈਸਟੋ ਲਿਖਿਆ ਸੀ, ਜਿਸ ਵਿੱਚ ਧਾਰਮਿਕ ਸਥਾਨ 'ਤੇ ਭਾਰਤੀ ਮੂਲ ਦੇ ਲੋਕਾਂ ਵਿਰੁੱਧ ਹਿੰਸਾ ਕਰਨ ਦੀ ਗੱਲ ਦਰਜ ਸੀ। ਪੁਲੀਸ ਨੇ ਉਸ ਕੋਲੋਂ ਇੱਕ ਰਾਈਫ਼ਲ, ਸੈਂਕੜੇ ਕਾਰਤੂਸ, ਬੁਲੇਟਪਰੂਫ਼ ਜੈਕੇਟ ਅਤੇ ਨਸਲੀ ਨਫ਼ਰਤ ਨਾਲ ਸਬੰਧਤ ਹੋਰ ਸਾਮਾਨ ਬਰਾਮਦ ਕਰਨ ਦੀ ਜਾਣਕਾਰੀ ਦਿੱਤੀ ਹੈ।

105 ਸੰਸਦ ਮੈਂਬਰਾਂ ਨੇ ਮੰਗ ਕੀਤੀ ਹੈ ਕਿ ਇਸ ਕਥਿਤ ਸਾਜ਼ਿਸ਼ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾਵੇ ਅਤੇ ਪਤਾ ਲਗਾਇਆ ਜਾਵੇ ਕਿ ਕੀ ਇਸ ਵਿੱਚ ਹੋਰ ਵਿਅਕਤੀ ਜਾਂ ਆਨਲਾਈਨ ਪਲੇਟਫਾਰਮ ਵੀ ਸ਼ਾਮਲ ਸਨ। ਉਨ੍ਹਾਂ ਨੇ 29 ਅਕਤੂਬਰ ਤੱਕ ਐੱਫਬੀਆਈ ਤੋਂ ਲਿਖਤੀ ਜਵਾਬ ਮੰਗਿਆ ਹੈ।

ਚਿੱਠੀ ਵਿੱਚ ਹਵਾਲਾ ਦਿੱਤੀ ਗਈ ਇੱਕ ਰਿਪੋਰਟ ਮੁਤਾਬਕ, ਜਨਵਰੀ 2025 ਤੋਂ ਜੂਨ 2026 ਤੱਕ 'ਐਕਸ' 'ਤੇ 5 ਲੱਖ 42 ਹਜ਼ਾਰ ਤੋਂ ਵੱਧ ਨਫ਼ਰਤੀ ਪੋਸਟਾਂ ਪਾਈਆਂ ਗਈਆਂ। ਇੱਕ ਸਰਵੇਖਣ ਵਿੱਚ 48 ਫ਼ੀਸਦੀ ਭਾਰਤੀ ਅਮਰੀਕੀਆਂ ਨੇ ਨਸਲੀ ਟਿੱਪਣੀਆਂ ਦਾ ਸਾਹਮਣਾ ਕਰਨ ਦੀ ਗੱਲ ਕਹੀ।

ਸੰਸਦ ਮੈਂਬਰਾਂ ਨੇ ਟਰੰਪ ਪ੍ਰਸ਼ਾਸਨ ਦੀਆਂ ਕੁਝ ਏਜੰਸੀਆਂ ਦੀਆਂ ਸੋਸ਼ਲ ਮੀਡੀਆ ਪੋਸਟਾਂ 'ਤੇ ਵੀ ਸਵਾਲ ਚੁੱਕੇ ਹਨ। ਉਨ੍ਹਾਂ ਹੋਮਲੈਂਡ ਸਕਿਓਰਿਟੀ ਵਿਭਾਗ ਦੀ ਇੱਕ ਪੋਸਟ ਦਾ ਜ਼ਿਕਰ ਕੀਤਾ, ਜਿਸ ਵਿੱਚ ਇੱਕ ਸਿੱਖ ਵਿਅਕਤੀ ਦੀ ਤਸਵੀਰ ਨਾਲ ਇਤਰਾਜ਼ਯੋਗ ਸ਼ਬਦ ਵਰਤੇ ਗਏ ਸਨ। ਸੰਸਦ ਮੈਂਬਰਾਂ ਨੇ ਕਿਹਾ ਕਿ ਧਰਮ, ਨਸਲ ਜਾਂ ਪਛਾਣ ਦੇ ਆਧਾਰ 'ਤੇ ਕਿਸੇ ਨੂੰ ਨਿਸ਼ਾਨਾ ਨਹੀਂ ਬਣਾਇਆ ਜਾਣਾ ਚਾਹੀਦਾ ਅਤੇ ਅਮਰੀਕਾ ਵਿੱਚ ਹਿੰਦੂਆਂ, ਸਿੱਖਾਂ ਸਮੇਤ ਸਾਰੇ ਭਾਈਚਾਰਿਆਂ ਦੀ ਸੁਰੱਖਿਆ ਯਕੀਨੀ ਬਣਾਈ ਜਾਣੀ ਚਾਹੀਦੀ ਹੈ।

ਟਰੰਪ ਨੇ ਭਾਰਤ-ਅਮਰੀਕਾ ਵਪਾਰ ਸਮਝੌਤੇ ਬਾਰੇ ਇੱਕ ਅਹਿਮ ਬਿਆਨ ਦਿੱਤਾ

ਵਾਸ਼ਿੰਗਟਨ: ਭਾਰਤ ਅਤੇ ਅਮਰੀਕਾ ਇੱਕ ਵਪਾਰਕ ਸਮਝੌਤੇ 'ਤੇ ਪਹੁੰਚਣ ਦੇ ਬਹੁਤ ਨੇੜੇ ਹਨ। ਇਸ ਦੀ ਪੁਸ਼ਟੀ ਕਰਦਿਆਂ, ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਇਹ ਸਮਝੌਤਾ ਪਹਿਲਾਂ ਕੀਤੇ ਗਏ ਸਮਝੌਤਿਆਂ ਨਾਲੋਂ ਕਾਫ਼ੀ ਵੱਖਰਾ ਹੋਵੇਗਾ। ਮੰਗਲਵਾਰ ਨੂੰ ਪੱਤਰਕਾਰਾਂ ਦੇ ਸਵਾਲਾਂ ਦਾ ਜਵਾਬ ਦਿੰਦਿਆਂ, ਟਰੰਪ ਨੇ ਕਿਹਾ ਕਿ ਭਾਰਤ ਅਤੇ ਅਮਰੀਕਾ ਇੱਕ ਵਪਾਰਕ ਸਮਝੌਤਾ ਨੇਪਰੇ ਚਾੜ੍ਹਨ ਦੇ ਬਹੁਤ ਨੇੜੇ ਹਨ।

ਇੱਕ ਸਵਾਲ ਦੇ ਜਵਾਬ ਵਿੱਚ ਡੋਨਾਲਡ ਟਰੰਪ ਨੇ ਕਿਹਾ, "ਉਹ (ਭਾਰਤ) ਇੱਕ ਸਮਝੌਤਾ ਕਰਨਾ ਚਾਹੁੰਦੇ ਹਨ। ਅਸੀਂ ਇੱਕ ਸਮਝੌਤਾ ਕਰਾਂਗੇ। ਹਾਂ, ਅਸੀਂ ਇਸਦੇ ਬਹੁਤ ਨੇੜੇ ਹਾਂ। ਇਹ ਸਮਝੌਤਾ ਉਨ੍ਹਾਂ ਸਮਝੌਤਿਆਂ ਤੋਂ ਕਾਫ਼ੀ ਵੱਖਰਾ ਹੋਵੇਗਾ ਜੋ ਅਸੀਂ ਹੁਣ ਤੱਕ ਕੀਤੇ ਹਨ।" ਟਰੰਪ ਦਾ ਇਹ ਬਿਆਨ ਅਜਿਹੇ ਸਮੇਂ ਆਇਆ ਹੈ ਜਦੋਂ ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੇ ਭਾਰਤ ਦੇ ਦੌਰੇ ਦੌਰਾਨ ਦੁਵੱਲੇ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ 'ਤੇ ਚਰਚਾ ਕੀਤੀ—ਜਿਸ ਵਿੱਚ ਵਪਾਰ, ਊਰਜਾ, ਤਕਨਾਲੋਜੀ, ਰੱਖਿਆ ਅਤੇ ਲੋਕਾਂ ਵਿਚਕਾਰ ਆਪਸੀ ਸਬੰਧਾਂ ਵਰਗੇ ਖੇਤਰਾਂ 'ਤੇ ਵਿਸ਼ੇਸ਼ ਧਿਆਨ ਦਿੱਤਾ ਗਿਆ। ਮੰਗਲਵਾਰ ਨੂੰ ਇੱਕ ਸਵਾਲ ਦਾ ਜਵਾਬ ਦਿੰਦਿਆਂ, ਮਾਰਕੋ ਰੂਬੀਓ ਨੇ ਕਿਹਾ ਕਿ ਦੋਵੇਂ ਧਿਰਾਂ ਇੱਕ ਸਮਝੌਤੇ ਨੂੰ ਅੰਤਿਮ ਰੂਪ ਦੇਣ ਦੇ ਬਹੁਤ ਨੇੜੇ ਹਨ, ਅਤੇ ਹੁਣ ਸਿਰਫ਼ ਕੁਝ ਮੁੱਦੇ ਹੀ ਹੱਲ ਹੋਣੇ ਬਾਕੀ ਹਨ। ਉਨ੍ਹਾਂ ਟਿੱਪਣੀ ਕੀਤੀ, "ਮੈਂ ਕਹਾਂਗਾ ਕਿ ਅਸੀਂ ਸਮਝੌਤਾ ਹੋਣ ਤੋਂ ਪਹਿਲਾਂ ਜਿੰਨਾ ਸੰਭਵ ਹੋ ਸਕੇ, ਓਨੇ ਹੀ ਨੇੜੇ ਹਾਂ। ਮੈਨੂੰ ਲੱਗਦਾ ਹੈ ਕਿ ਸਿਰਫ਼ ਕੁਝ ਗੱਲਾਂ ਬਾਕੀ ਹਨ ਜਿਨ੍ਹਾਂ ਨੂੰ ਹੱਲ ਕਰਨ ਦੀ ਲੋੜ ਹੈ।" ਰੂਬੀਓ ਨੇ ਉਮੀਦ ਪ੍ਰਗਟਾਈ ਕਿ ਬਾਕੀ ਮੁੱਦੇ ਜਲਦੀ ਹੀ ਹੱਲ ਹੋ ਜਾਣਗੇ, ਜਿਸ ਨਾਲ ਵਪਾਰਕ ਸਮਝੌਤੇ ਦੇ ਐਲਾਨ ਲਈ ਰਾਹ ਪੱਧਰਾ ਹੋਵੇਗਾ—ਅਤੇ ਇਸ ਤੋਂ ਬਾਅਦ ਦੋਵਾਂ ਦੇਸ਼ਾਂ ਦੇ ਆਗੂ ਇਸ 'ਤੇ ਦਸਤਖਤ ਕਰ ਸਕਦੇ ਹਨ।

ਇਸ ਮਹੀਨੇ ਦੀ ਸ਼ੁਰੂਆਤ ਵਿੱਚ, ਵਣਜ ਮੰਤਰੀ ਪੀਯੂਸ਼ ਗੋਇਲ ਨੇ ਵਪਾਰ ਸਮਝੌਤੇ ਦੇ ਵੇਰਵਿਆਂ 'ਤੇ ਚਰਚਾ ਕਰਨ ਲਈ ਮਿਲਵਾਕੀ ਅਤੇ ਵਾਸ਼ਿੰਗਟਨ ਵਿੱਚ ਅਮਰੀਕੀ ਵਪਾਰ ਪ੍ਰਤੀਨਿਧੀ ਜੈਮੀਸਨ ਗ੍ਰੀਰ ਨਾਲ ਮੁਲਾਕਾਤ ਕੀਤੀ। ਇਹ ਧਿਆਨ ਦੇਣ ਯੋਗ ਹੈ ਕਿ ਫਰਵਰੀ ਵਿੱਚ, ਭਾਰਤ ਅਤੇ ਅਮਰੀਕਾ ਨੇ ਦੁਵੱਲੇ ਵਪਾਰ ਸਮਝੌਤੇ (BTA) ਦੇ ਪਹਿਲੇ ਪੜਾਅ ਲਈ ਇੱਕ ਢਾਂਚੇ ਨੂੰ ਅੰਤਿਮ ਰੂਪ ਦੇਣ ਦਾ ਐਲਾਨ ਕੀਤਾ ਸੀ। ਹਾਲਾਂਕਿ, ਅਮਰੀਕਾ ਦੀਆਂ ਟੈਰਿਫ-ਸਬੰਧਤ ਨੀਤੀਆਂ ਵਿੱਚ ਆਈਆਂ ਤਬਦੀਲੀਆਂ ਕਾਰਨ ਇਸ ਸਮਝੌਤੇ 'ਤੇ ਹੋਰ ਚਰਚਾ ਕਰਨ ਦੀ ਲੋੜ ਪੈ ਗਈ।

ਭਾਰਤ ਵਿੱਚ ਅਮਰੀਕੀ ਰਾਜਦੂਤ, ਸਰਜੀਓ ਗੋਰ ਨੇ ਹਾਲ ਹੀ ਵਿੱਚ ਨਵੀਂ ਦਿੱਲੀ ਵਿਖੇ 'ਬਲੂਮਬਰਗ ਨਿਊ ਇਕਾਨਮੀ ਫੋਰਮ' (Bloomberg New Economy Forum) ਵਿੱਚ ਕਿਹਾ ਕਿ ਦੋਵਾਂ ਦੇਸ਼ਾਂ ਨੇ ਇਸ ਮਾਮਲੇ ਨਾਲ ਜੁੜੇ ਅਹਿਮ ਮੁੱਦਿਆਂ ਨੂੰ ਸੁਲਝਾ ਲਿਆ ਹੈ ਅਤੇ ਉਹ ਜਲਦੀ ਹੀ ਸਮਝੌਤੇ ਨੂੰ ਲਾਗੂ ਕਰਨ ਲਈ ਤਿਆਰ ਹਨ। ਵਿਦੇਸ਼ ਮੰਤਰੀ ਐਸ. ਜੈਸ਼ੰਕਰ ਨੇ ਵੀ ਗੱਲਬਾਤ ਨੂੰ ਲੈ ਕੇ ਆਸ਼ਾਵਾਦ ਪ੍ਰਗਟਾਇਆ ਹੈ। ਉਨ੍ਹਾਂ ਕਿਹਾ ਕਿ ਦੋਵੇਂ ਧਿਰਾਂ ਕਿਸੇ ਅੰਤਿਮ ਫੈਸਲੇ 'ਤੇ ਪਹੁੰਚਣਗੀਆਂ ਅਤੇ ਸਮਝੌਤੇ ਨੂੰ ਲਾਗੂ ਕਰਨ ਦੀ ਪ੍ਰਕਿਰਿਆ ਅੱਗੇ ਵਧਾਉਣਗੀਆਂ। ਖੈਰ, ਇਨ੍ਹਾਂ ਆਗੂਆਂ ਦੇ ਬਿਆਨਾਂ ਤੋਂ ਇੱਕ ਗੱਲ ਸਪੱਸ਼ਟ ਹੁੰਦੀ ਹੈ: ਇਹ ਸਮਝੌਤਾ ਜ਼ਰੂਰ ਨੇਪਰੇ ਚੜ੍ਹੇਗਾ। ਹਾਲਾਂਕਿ, ਜਿੱਥੇ ਟਰੰਪ ਨੇ ਕਿਹਾ ਹੈ ਕਿ ਇਹ ਸਮਝੌਤਾ ਪਿਛਲੇ ਸਮਝੌਤੇ ਨਾਲੋਂ ਵੱਖਰਾ ਹੋਵੇਗਾ, ਉੱਥੇ ਹੀ ਇਸ ਦੀਆਂ ਅੰਤਿਮ ਸ਼ਰਤਾਂ ਬਾਰੇ ਸਥਿਤੀ ਅਜੇ ਵੀ ਅਸਪਸ ਹੈ।

ਪੇਜ ਇੱਕ ਦੀ ਬਾਕੀ

ਪੀਲ ਪੁਲੀਸ ਵੱਲੋਂ...

ਪਾਰਥ ਸ਼ਰਮਾ (21, ਓਕਵਿਲ), ਮਧੂਮੀਤ ਰੰਧਾਵਾ (37, ਬਰੈਂਪਟਨ), ਟੇਵੀਅਨ ਕੋਲੇ (19, ਹਾਲਟਨ ਹਿਲਜ਼) ਅਤੇ ਗ੍ਰੈਗਰੀ ਸੇਨਿਵ (37, ਮਿਸੀਸਾਗਾ) ਸ਼ਾਮਲ ਹਨ। ਇਸ ਤੋਂ ਇਲਾਵਾ ਦੋ 17 ਸਾਲਾ ਨਾਬਾਲਗ—ਇੱਕ ਮਿਸੀਸਾਗਾ ਅਤੇ ਦੂਜਾ ਬਰੈਂਪਟਨ ਤੋਂ—ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ ਹੈ।

ਦਿੱਤੇ ਗਏ ਨਾਵਾਂ ਵਿੱਚੋਂ ਕਈ ਪੰਜਾਬੀ ਮੂਲ ਨਾਲ ਜੁੜੇ ਦਿਖਾਈ ਦਿੰਦੇ ਹਨ, ਪਰ ਸਿਰਫ਼ ਨਾਂ ਦੇ ਆਧਾਰ 'ਤੇ ਕਿਸੇ ਵਿਅਕਤੀ ਦਾ ਨਸਲੀ ਜਾਂ ਭਾਈਚਾਰਕ ਪਿਛੋਕੜ ਨਿਰਧਾਰਿਤ ਨਹੀਂ ਕੀਤਾ ਜਾ ਸਕਦਾ। ਪੁਲੀਸ ਅਨੁਸਾਰ ਜਾਂਚ ਕਥਿਤ ਅਪਰਾਧਿਕ ਗਤੀਵਿਧੀਆਂ ਅਤੇ ਉਨ੍ਹਾਂ ਨੂੰ ਚਲਾਉਣ ਵਾਲੇ ਨੈੱਟਵਰਕ 'ਤੇ ਕੇਂਦਰਿਤ ਹੈ। 3 ਸਤੰਬਰ ਨੂੰ ਕੀਤੀਆਂ ਤਾਲਮੇਲ ਵਾਲੀਆਂ ਛਾਪੇਮਾਰੀਆਂ ਦੌਰਾਨ ਪੁਲੀਸ ਨੇ ਲਗਪਗ 14 ਲੱਖ ਡਾਲਰ ਦੀਆਂ 15 ਚੋਰੀਸ਼ੁਦਾ ਗੱਡੀਆਂ, ਚਾਰ ਗ਼ੈਰ-ਕਾਨੂੰਨੀ ਹਥਿਆਰ, ਗੋਲਾ-ਬਾਰੂਦ ਅਤੇ ਮੈਗਜ਼ੀਨ ਬਰਾਮਦ ਕੀਤੇ। ਜਾਂਚਕਰਤਾਵਾਂ ਦਾ ਕਹਿਣਾ ਹੈ ਕਿ ਕਥਿਤ ਨੈੱਟਵਰਕ ਵਿੱਚ ਗੱਡੀਆਂ ਨੂੰ ਨਿਸ਼ਾਨਾ ਬਣਾਉਣ, ਲੁੱਟਾਂ ਦੀ ਯੋਜਨਾ ਬਣਾਉਣ ਅਤੇ ਨੌਜਵਾਨਾਂ ਦੀ ਭਰਤੀ ਕਰਨ ਵਾਲੇ ਲੋਕ ਵੀ ਸ਼ਾਮਲ ਸਨ।

ਪੀਲ ਰਿਜਨਲ ਪੁਲੀਸ ਮੁਖੀ ਨਿਸ਼ਾਨ ਦੁਰਾਈਅੱਪਾ ਨੇ ਕਿਹਾ ਕਿ ਜਾਂਚ ਰਾਹੀਂ ਕਥਿਤ ਤੌਰ 'ਤੇ ਅਪਰਾਧ ਕਰਨ ਵਾਲਿਆਂ ਦੇ ਨਾਲ-ਨਾਲ ਨੈੱਟਵਰਕ ਦੇ ਮੁੱਖ ਸੂਤਰਧਾਰਾਂ ਤੱਕ ਪਹੁੰਚਣ ਵਿੱਚ ਵੀ ਮਦਦ ਮਿਲੀ ਹੈ। ਪੁਲੀਸ ਅੰਕੜਿਆਂ ਮੁਤਾਬਕ 2023 ਵਿੱਚ ਸਿਖਰ 'ਤੇ ਪਹੁੰਚਣ ਤੋਂ ਬਾਅਦ ਖੇਤਰ ਵਿੱਚ ਵਾਹਨ ਚੋਰੀਆਂ ਵਿੱਚ 50 ਫ਼ੀਸਦੀ ਤੋਂ ਵੱਧ ਕਮੀ ਆਈ ਹੈ ਅਤੇ 2026 ਵਿੱਚ ਹੁਣ ਤੱਕ ਹੋਰ 10 ਫ਼ੀਸਦੀ ਗਿਰਾਵਟ ਦਰਜ ਕੀਤੀ ਗਈ ਹੈ। ਜਾਂਚ ਜਾਰੀ ਹੈ ਅਤੇ ਸਾਰੇ ਮੁਲਜ਼ਮਾਂ ਵਿਰੁੱਧ ਲੱਗੇ ਦੋਸ਼ ਅਦਾਲਤ ਵਿੱਚ ਸਾਬਤ ਹੋਣੇ ਬਾਕੀ ਹਨ।

ਫਰਾਂਸ 'ਚ ਵਿਰੋਧ...

ਪ੍ਰਦਰਸ਼ਨਾਂ ਦੌਰਾਨ 500 ਤੋਂ ਵੱਧ ਪੁਲੀਸ ਅਧਿਕਾਰੀ, ਨੀਮ ਫ਼ੌਜੀ ਬਲਾਂ ਦੇ ਜਵਾਨ ਅਤੇ ਫਾਇਰ ਬ੍ਰਿਗੇਡ ਕਰਮੀ ਜ਼ਖ਼ਮੀ ਹੋਏ ਹਨ।

ਪੈਰਿਸ ਪੁਲੀਸ ਮੁਤਾਬਕ, ਪ੍ਰਦਰਸ਼ਨ ਦੌਰਾਨ ਦਿਲ ਦਾ ਦੌਰਾ ਪੈਣ ਕਾਰਨ ਇੱਕ ਵਿਅਕਤੀ ਦੀ ਮੌਤ ਹੋ ਗਈ ਹੈ। ਫਰਾਂਸ ਦੇ ਸਰਕਾਰੀ ਵਕੀਲ ਦਾ ਦਫ਼ਤਰ ਇਸ ਮਾਮਲੇ ਦੀ ਜਾਂਚ ਕਰ ਰਿਹਾ ਹੈ।

ਐਤਵਾਰ ਸਵੇਰੇ ਪੈਰਿਸ ਦੇ 'ਪਲੇਸ ਡੇ ਲਾ ਰਿਪਬਲਿਕ' ਅਤੇ ਸ਼ਹਿਰ ਦੇ ਹੋਰ ਸੈਰ-ਸਪਾਟਾ ਤੇ ਵਪਾਰਕ ਇਲਾਕਿਆਂ ਵਿੱਚ ਭਾਰੀ ਭੰਨਤੋੜ ਅਤੇ ਲੁੱਟ-ਖੋਹ ਦੇ ਨਿਸ਼ਾਨ ਦੇਖੇ ਗਏ। ਪੁਲੀਸ ਮੁਤਾਬਕ, ਬਹੁਤ ਸਾਰੇ ਲੋਕਾਂ ਦਾ ਮਕਸਦ ਸਿਰਫ਼ ਅਸ਼ਾਂਤੀ ਦਾ ਫਾਇਦਾ ਚੁੱਕ ਕੇ ਚੋਰੀ ਅਤੇ ਲੁੱਟ-ਖੋਹ ਕਰਨਾ ਸੀ।

ਹਾਲਾਤ ਦੇ ਨੁਕਸਾਨ ਅਤੇ ਗੰਭੀਰਤਾ ਨੂੰ ਦੇਖਦੇ ਹੋਏ ਦੇਸ਼ ਦੇ ਤਿੰਨ ਸਭ ਤੋਂ ਵੱਡੇ ਸ਼ਹਿਰਾਂ—ਪੈਰਿਸ, ਮਾ

ਸਰੀ ਅਤੇ ਵ੍ਹਾਈਟ ਰੌਕ ਦੇ ਸਕੂਲ ਟਰੱਸਟੀਆਂ ਦੀ ਚੋਣ ਮੁਕੰਮਲ

ਗੈਰੀ ਥਿੰਦ ਸਮੇਤ 7 ਉਮੀਦਵਾਰ ਜੇਤੂ

ਵੈਨਕੂਵਰ : ਬ੍ਰਿਟਿਸ਼ ਕੋਲੰਬੀਆ ਵਿੱਚ 17 ਅਕਤੂਬਰ ਨੂੰ ਹੋਈਆਂ ਨਗਰ ਕੌਂਸਲ ਅਤੇ ਸਕੂਲ ਬੋਰਡ ਚੋਣਾਂ ਦੇ ਨਤੀਜਿਆਂ ਤੋਂ ਬਾਅਦ ਸਰੀ ਅਤੇ ਵ੍ਹਾਈਟ ਰੌਕ ਦੇ ਸਕੂਲ ਟਰੱਸਟੀਆਂ ਦੀਆਂ ਸਾਰੀਆਂ 7 ਸੀਟਾਂ ਭਰ ਗਈਆਂ ਹਨ। ਇਨ੍ਹਾਂ ਵਿੱਚੋਂ 6 ਸੀਟਾਂ ਸਰੀ ਅਤੇ ਇੱਕ ਸੀਟ ਵ੍ਹਾਈਟ ਰੌਕ ਨਾਲ ਸਬੰਧਤ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਚੁਣੇ ਗਏ ਸਕੂਲ ਟਰੱਸਟੀਆਂ ਵਿੱਚ ਲੌਰੀ ਲਾਰਸਨ, ਗੈਰੀ ਥਿੰਦ, ਟੈਰੀ ਐਲਨ, ਲੌਰਾ ਲਟਾਨਜ਼ੀਓ, ਸ਼ੌਨ ਵਿਲਸਨ, ਬੌਬ ਹੋਮਜ਼ ਅਤੇ ਡਾ. ਮਿਸ਼ੇਲ ਸੇਨੀਜ਼ਾ ਸ਼ਾਮਲ ਹਨ।

ਇਨ੍ਹਾਂ ਚੋਣਾਂ ਵਿੱਚ ਪੰਜਾਬੀ ਮੂਲ ਦੇ ਗੈਰੀ ਥਿੰਦ ਦਾ ਨਾਂ ਵੀ ਜੇਤੂ ਉਮੀਦਵਾਰਾਂ ਵਿੱਚ ਸ਼ਾਮਲ ਹੋਣ ਕਾਰਨ ਪੰਜਾਬੀ ਭਾਈਚਾਰੇ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ । ਇੱਥੇ ਦੱਸਣਯੋਗ ਹੈ ਕਿ 24 ਅਕਤੂਬਰ ਨੂੰ ਹੋਣ ਜਾ ਰਹੀਆਂ ਸੁਬਾਈ ਚੋਣਾਂ 'ਚ ਪੰਜਾਬੀ ਮੂਲ ਦੇ ਨੌਜਵਾਨ ਗੈਰੀ ਥਿੰਦ ਕੰਸਰਵੇਟਿਵ ਪਾਰਟੀ ਵੱਲੋਂ ਸਰੀ ਗਿਲਫਰਡ ਹਲਕੇ ਤੋਂ ਵਿਧਾਇਕ ਦੀ ਚੋਣ ਵੀ ਲੜ ਰਹੇ ਹਨ ਸਕੂਲ ਟਰੱਸਟੀਆਂ ਦੀ ਮੁੱਖ ਜ਼ਿੰਮੇਵਾਰੀ ਸਰਕਾਰੀ ਸਕੂਲਾਂ ਦੇ ਪ੍ਰਬੰਧ, ਵਿਦਿਅਕ ਨੀਤੀਆਂ, ਬਜਟ, ਸਕੂਲੀ ਸਹੂਲਤਾਂ ਅਤੇ ਵਿਦਿਆਰਥੀਆਂ ਦੀਆਂ ਲੋੜਾਂ ਸਬੰਧੀ ਫੈਸਲੇ ਲੈਣਾ ਹੁੰਦੀ ਹੈ। ਸਰੀ ਵਰਗੇ ਤੇਜ਼ੀ ਨਾਲ ਵਧ ਰਹੇ ਸ਼ਹਿਰ ਵਿੱਚ ਨਵੇਂ ਸਕੂਲਾਂ ਦੀ ਲੋੜ, ਮੌਜੂਦਾ ਸਕੂਲਾਂ ਵਿੱਚ ਵਿਦਿਆਰਥੀਆਂ ਦੀ ਵਧ ਰਹੀ ਗਿਣਤੀ ਅਤੇ ਵਿਦਿਅਕ ਸਹੂਲਤਾਂ ਦਾ ਵਿਸਥਾਰ ਸਕੂਲ ਬੋਰਡ ਸਾਹਮਣੇ ਮਹੱਤਵਪੂਰਨ ਮੁੱਦੇ ਹਨ। ਇਸ ਵਾਰ ਚੁਣੇ ਗਏ ਨੁਮਾਇੰਦਿਆਂ ਤੋਂ ਉਮੀਦ ਕੀਤੀ ਜਾ ਰਹੀ ਹੈ ਕਿ ਉਹ ਵਿਦਿਆਰਥੀਆਂ, ਮਾਪਿਆਂ ਅਤੇ ਅਧਿਆਪਕਾਂ ਨਾਲ ਤਾਲਮੇਲ ਰੱਖਦਿਆਂ ਸਕੂਲੀ ਸਿੱਖਿਆ ਦੇ ਮਿਆਰ ਨੂੰ ਹੋਰ ਉੱਚਾ ਚੁੱਕਣ ਲਈ ਕੰਮ ਕਰਨਗੇ।

ਕੈਨੇਡਾ ਦੇ ਸੂਬੇ ਅਲਬਰਟਾ ਦੇ ਵੋਟਰਾਂ ਵੱਖਵਾਦ ਨੂੰ ਨਕਾਰਿਆ

ਅਲਬਰਟਾ ਵਿੱਚ ਸੋਮਵਾਰ ਨੂੰ ਭਵਿੱਖ ਨੂੰ ਲੈ ਕੇ ਹੋਏ ਲੋਕ ਮੱਤ ਵਿੱਚ ਤਿੰਨ ਚੌਥਾਈ ਤੋਂ ਵੱਧ ਵੋਟਰਾਂ ਨੇ ਕੈਨੇਡਾ ਦੀ ਏਕਤਾ ਤੇ ਅਖੰਡਤਾ ਦੇ ਹੱਕ ਵਿੱਚ ਭੁਗਤ ਕੇ ਵੱਖਵਾਦੀ ਸੋਚ ਨੂੰ ਨਕਾਰਦਿਆਂ, ਦੋ ਕੁ ਸਾਲਾਂ ਤੋਂ ਚਲਾਏ ਜਾ ਰਹੇ ਅੰਦੋਲਨ ਨੂੰ ਠੱਪ ਕਰ ਦਿੱਤਾ ਗਿਆ। ਬੇਸ਼ੱਕ 10 ਸਵਾਲਾਂ ਵਿੱਚੋਂ ਨਤੀਜਾ ਇੱਕ ਹੀ ਮਹੱਤਵਪੂਰਨ ਸਵਾਲ 'ਤੇ ਕੇਂਦਰਤ ਕਰਕੇ ਜਾਰੀ ਕੀਤਾ ਗਿਆ ਹੈ ਕਿ ਲੋਕ ਕੈਨੇਡਾ ਨਾਲ ਰਹਿਣਾ ਜਾਂ ਵੱਖ ਹੋਣਾ ਚਾਹੁੰਦੇ ਹਨ। ਇਸ ਦੇ ਉੱਤਰ ਵਿੱਚ 76.6 ਫੀਸਦ ਲੋਕਾਂ ਨੇ ਏਕਤਾ ਦੇ ਹੱਕ ਵਿੱਚ ਫ਼ਤਵਾ ਦਿੱਤਾ। ਸੰਵਿਧਾਨਕ ਸੋਧਾਂ ਅਤੇ ਫੈਡਰਲ ਦਖ਼ਲਅੰਦਾਜ਼ੀ ਤੇ ਟੈਕਸਾਂ ਬਾਰੇ ਵੋਟਰਾਂ ਤੋਂ ਪੁੱਛੇ ਗਏ 9 ਸਵਾਲਾਂ ਦੇ ਵੋਟਰਾਂ ਵੱਲੋਂ ਦਿੱਤੇ ਗਏ ਜਵਾਬਾਂ ਦੀ ਗਿਣਤੀ ਅਜੇ ਕੀਤੀ ਜਾਣੀ ਹੈ, ਜਿਸ ਨੂੰ ਦੋ ਦਿਨ ਲੱਗ ਸਕਦੇ ਹਨ।

ਵੱਖਵਾਦ ਦੀ ਸੋਚ ਕਰੀਬ ਦੋ ਕੁ ਸਾਲ ਪਹਿਲਾਂ ਉਦੋਂ ਉਭਾਰੀ ਗਈ ਸੀ ਜਦੋਂ ਡੋਨਲਡ ਟਰੰਪ ਨੇ ਰਾਸ਼ਟਰਪਤੀ ਦੀ ਚੋਣ ਜਿੱਤਣ ਤੋਂ ਬਾਅਦ ਕੈਨੇਡਾ ਨੂੰ ਅਮਰੀਕਾ ਦਾ 51ਵਾਂ ਸੂਬਾ ਬਣਨ ਲਈ ਕਿਹਾ ਸੀ। ਅਲਬਰਟਾ ਤੋਂ ਬਿਨਾਂ ਸਾਰੇ ਸੂਬਿਆਂ ਦੇ ਲੋਕਾਂ ਨੇ ਟਰੰਪ ਦੀ ਗੱਲ ਨੂੰ ਅਣਸੁਣਿਆ ਕੀਤਾ, ਪਰ ਅਲਬਰਟਾ ਦੀ ਮੁੱਖ ਮੰਤਰੀ ਡੈਨੀਅਲ ਸਮਿੱਥ ਨੇ ਪਾਰਟੀ ਵਿਚਲੇ ਕੁਝ ਆਗੂਆਂ ਦੇ ਹੱਕ ਵਿੱਚ ਬੋਲਦਿਆਂ ਕੈਨੇਡਾ ਦੀ ਫੈਡਰਲ ਸਰਕਾਰ ਵੱਲੋਂ ਅਣਗੌਲਿਆ ਕਰਨ ਦੇ ਦੋਸ਼ ਲਾ ਕੇ ਵੱਖਵਾਦ ਦਾ ਸਮਰਥਨ ਕੀਤਾ ਸੀ ਤੇ ਲੋਕ ਮੱਤ ਕਰਾਉਣ ਦੀ ਕਾਰਵਾਈ ਸ਼ੁਰੂ ਹੋਈ, ਜਿਸ ਨੂੰ ਉੱਥੋਂ ਦੀ ਉੱਚ ਅਦਾਲਤ ਨੇ ਵੀ ਇਸ ਕਰਕੇ ਰੱਦ ਕਰ ਦਿੱਤਾ ਕਿ ਸੂਬੇ ਦੇ ਭਵਿੱਖ ਵਿੱਚ ਮੂਲ ਵਾਸੀਆਂ ਨੂੰ ਭਰੋਸੇ ਵਿੱਚ ਨਹੀਂ ਲਿਆ ਜਾ ਰਿਹਾ। ਪਰ ਸਰਕਾਰ ਵੱਲੋਂ ਉਸ ਦੀ ਪ੍ਰਵਾਹ ਨਾ ਕਰਕੇ ਲੋਕ ਮੱਤ ਪ੍ਰਕਿਰਿਆ ਜਾਰੀ ਰੱਖੀ ਗਈ।

ਕੁਝ ਮਹੀਨੇ ਪਹਿਲਾਂ ਕੁਝ ਸਰਵੇਖਣ ਏਜੰਸੀਆਂ ਨੇ ਲੋਕਾਂ ਨੂੰ ਇਹੀ ਸਵਾਲ ਪੁੱਛਿਆ ਸੀ ਤਾਂ ਉਦੋਂ ਵੀ 70 ਫੀਸਦ ਲੋਕਾਂ ਨੇ ਵੱਖਵਾਦ ਨੂੰ ਨਕਾਰਿਆ ਸੀ। ਲੋਕਾਂ ਦੀ ਨਬਜ਼ ਪਛਾਣਦੇ ਹੋਏ ਸੂਬੇ ਦੀ ਮੁੱਖ ਮੰਤਰੀ ਡੈਨੀਅਲ ਸਮਿੱਥ ਨੇ ਆਪਣਾ ਸਮਰਥਨ ਵਾਪਸ ਲੈ ਕੇ ਏਕਤਾ ਵਾਲਾ ਰਾਹ ਚੁਣ ਲਿਆ ਤੇ ਪਿਛਲੇ ਹਫ਼ਤੇ ਅਗੇਤੀਆਂ ਵੋਟਾਂ ਸ਼ੁਰੂ ਹੋਣ ਤੋਂ ਬਾਅਦ ਬਿਆਨ ਦਿੱਤਾ ਸੀ ਕਿ ਉਸ ਨੇ ਤਾਂ ਕੈਨੇਡਾ ਨਾਲ ਰਹਿਣ ਦੇ ਹੱਕ ਵਿੱਚ ਵੋਟ ਪਾਈ ਹੈ। ਮਾਹਰਾਂ ਵੱਲੋਂ ਕਿਹਾ ਗਿਆ ਹੈ ਕਿ ਇਸ ਵੋਟਿੰਗ ਦੇ ਨਤੀਜਿਆਂ ਨੇ ਵਿਚਲੇ ਵੱਖਵਾਦ ਨੂੰ ਬਰੇਕ ਲਾ ਦਿੱਤੀ ਹੈ ਤੇ ਕਈ ਦਹਾਕਿਆਂ ਤੱਕ ਵੱਖਵਾਦ ਦੇ ਹੱਕ ਦਾ ਕਾਨੂੰਨੀ ਆਧਾਰ ਖ਼ਤਮ ਹੋ ਗਿਆ ਹੈ। ਇਹ ਨਤੀਜੇ ਸੂਬੇ ਵਿੱਚ ਸੱਤਾਧਾਰੀ ਯੂਨਾਈਟਿਡ ਕੰਜ਼ਰਵੇਟਿਵ ਪਾਰਟੀ ਨੂੰ ਵੀ ਦੋਫਾੜ ਕਰਨਗੇ, ਕਿਉਂਕਿ ਵੱਖਵਾਦ ਨੂੰ ਹਵਾ ਇਸੇ ਪਾਰਟੀ ਵਿਚਲੇ ਕੁਝ ਆਗੂਆਂ ਵੱਲੋਂ ਉਭਾਰ ਕੇ ਉਸ ਦੀ ਅਗਵਾਈ ਕੀਤੀ ਜਾਂਦੀ ਰਹੀ। ਉਨ੍ਹਾਂ ਦਾ ਕਹਿਣਾ ਹੈ ਕਿ ਅੱਗੇ ਤੋਂ ਫੈਡਰਲ ਸਰਕਾਰ ਨੂੰ ਸੂਬੇ ਦੀਆਂ ਮੰਗਾਂ ਵੱਲ ਵਿਸ਼ੇਸ਼ ਧਿਆਨ ਜ਼ਰੂਰ ਦੇਣਾ ਪਵੇਗਾ। ਪ੍ਰਧਾਨ ਮੰਤਰੀ ਮਾਰਕ ਕਾਰਨੀ ਅਤੇ ਹੋਰ ਆਗੂਆਂ ਵੱਲੋਂ ਨਤੀਜੇ ਤੋਂ ਬਾਅਦ ਖ਼ੁਸ਼ੀ ਅਤੇ ਤਸੱਲੀ ਮਹਿਸੂਸ ਕੀਤੀ ਜਾ ਰਹੀ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਵੋਟਰਾਂ ਵੱਲੋਂ ਰਹਿੰਦੇ 9 ਸਵਾਲਾਂ ਦੇ ਨਤੀਜਿਆਂ 'ਤੇ ਗੌਰ ਕੀਤਾ ਜਾਂਦਾ ਰਹੇਗਾ।

ਸਿਮਰਜੀਤ ਬੈਂਸ ਨੂੰ ਮਾਣਹਾਨੀ ਕੇਸ 'ਚ ਇੱਕ ਸਾਲ ਦੀ ਸਜ਼ਾ

ਬੋਲੇ- 'ਜੇਲ੍ਹ ਜਾਣ ਤੋਂ ਨਹੀਂ ਡਰਦਾ, ਭ੍ਰਿਸ਼ਟਾਚਾਰ ਖ਼ਿਲਾਫ਼ ਬੋਲਦਾ ਰਹਾਂਗਾ'

ਲੁਧਿਆਣਾ: ਲੋਕ ਇਨਸਾਫ਼ ਪਾਰਟੀ ਦੇ ਮੁਖੀ ਅਤੇ ਲੁਧਿਆਣਾ ਦੇ ਸਾਬਕਾ ਵਿਧਾਇਕ ਸਿਮਰਜੀਤ ਸਿੰਘ ਬੈਂਸ ਨੇ ਮਾਣਹਾਨੀ ਦੇ ਮਾਮਲੇ ਵਿੱਚ ਇੱਕ ਸਾਲ ਦੀ ਸਜ਼ਾ ਸੁਣਾਏ ਜਾਣ ਤੋਂ ਬਾਅਦ ਇਸ ਨੂੰ ਲੋਕਤੰਤਰ ਅਤੇ ਬੋਲਣ ਦੀ ਆਜ਼ਾਦੀ 'ਤੇ ਹਮਲਾ ਕਰਾਰ ਦਿੱਤਾ ਹੈ। ਦੁਸਹਿਰੇ ਮੌਕੇ ਕੀਤੀ ਪ੍ਰੈੱਸ ਕਾਨਫਰੰਸ ਵਿੱਚ ਉਨ੍ਹਾਂ ਨੇ ਆਪਣੀ ਤੁਲਨਾ ਕਾਂਗਰਸੀ ਆਗੂ ਰਾਹੁਲ ਗਾਂਧੀ ਨਾਲ ਕੀਤੀ ਅਤੇ ਕਿਹਾ ਕਿ ਸਜ਼ਾ ਮਿਲਣ ਦੇ ਬਾਵਜੂਦ ਉਹ ਭ੍ਰਿਸ਼ਟਾਚਾਰ ਖ਼ਿਲਾਫ਼ ਆਪਣੀ ਆਵਾਜ਼ ਬੁਲੰਦ ਕਰਦੇ ਰਹਿਣਗੇ। ਬੈਂਸ ਨੇ ਕਿਹਾ ਕਿ ਉਹ ਰਾਹੁਲ ਗਾਂਧੀ ਦੇ ਸਾਥੀ ਹਨ। ਉਨ੍ਹਾਂ ਨੇ ਰਾਹੁਲ ਗਾਂਧੀ ਦੇ ਮੋਦੀ ਸਰਨੇਮ ਮਾਮਲੇ ਦਾ ਹਵਾਲਾ ਦਿੰਦਿਆਂ ਕਿਹਾ ਕਿ ਸੂਰਤ ਦੀ ਅਦਾਲਤ ਨੇ ਵੀ ਰਾਹੁਲ ਗਾਂਧੀ ਨੂੰ ਦੋ ਸਾਲ ਦੀ ਸਜ਼ਾ ਸੁਣਾਈ ਸੀ। ਇਸ ਤੋਂ ਬਾਅਦ ਉਨ੍ਹਾਂ ਦੀ ਸੰਸਦ ਮੈਂਬਰਸ਼ਿਪ ਚਲੀ ਗਈ ਅਤੇ ਸਰਕਾਰੀ ਬੰਗਲਾ ਵੀ ਖਾਲੀ ਕਰਨਾ ਪਿਆ, ਪਰ ਕੀ ਉਨ੍ਹਾਂ ਨੇ ਸੱਚ ਬੋਲਣਾ ਬੰਦ ਕਰ ਦਿੱਤਾ? ਬੈਂਸ ਨੇ ਕਿਹਾ ਕਿ ਉਹ ਵੀ ਚੁੱਪ ਨਹੀਂ ਬੈਠਣਗੇ। ਸਿਮਰਜੀਤ ਸਿੰਘ ਬੈਂਸ ਨੇ ਆਪਣੇ ਸਿਆਸੀ ਸੰਘਰਸ਼ ਦਾ ਜ਼ਿਕਰ ਕਰਦਿਆਂ ਕਿਹਾ ਕਿ ਜੇਲ੍ਹ ਜਾਣਾ ਉਨ੍ਹਾਂ ਲਈ ਕੋਈ ਨਵੀਂ ਗੱਲ ਨਹੀਂ ਹੈ। ਉਨ੍ਹਾਂ ਮੁਤਾਬਕ, ਉਹ 12 ਸਾਲ ਦੀ ਉਮਰ ਵਿੱਚ ਧਰਮ ਯੁੱਧ ਮੋਰਚੇ ਦੌਰਾਨ ਪਹਿਲੀ ਵਾਰ ਜੇਲ੍ਹ ਗਏ ਸਨ। ਆਪਣੇ 25 ਸਾਲਾਂ ਦੇ ਸਿਆਸੀ ਕਰੀਅਰ ਦੌਰਾਨ ਰੇਤ ਮਾਫੀਆ, ਕੇਬਲ ਮਾਫੀਆ ਅਤੇ ਨਸ਼ਾ ਮਾਫੀਆ ਖ਼ਿਲਾਫ਼ ਲੜਦਿਆਂ ਉਹ 13 ਵਾਰ ਜੇਲ੍ਹ ਜਾ ਚੁੱਕੇ ਹਨ ਅਤੇ ਲਗਭਗ ਪੌਣੇ ਪੰਜ ਸਾਲ ਜੇਲ੍ਹ ਵਿੱਚ ਬਿਤਾਏ ਹਨ। ਬੈਂਸ ਨੇ 2019 ਦੇ ਇੱਕ ਵਿਵਾਦਤ ਮਾਮਲੇ ਦਾ ਵੀ ਜ਼ਿਕਰ ਕੀਤਾ, ਜਦੋਂ ਉਨ੍ਹਾਂ ਨੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਇੱਕ ਜੱਜ ਦੀ ਕਥਿਤ ਸਟਿੰਗ ਰਿਕਾਰਡਿੰਗ ਜਨਤਕ ਕਰਨ ਦਾ ਦਾਅਵਾ ਕੀਤਾ ਸੀ। ਉਨ੍ਹਾਂ ਦੇ ਕਹਿਣ ਮੁਤਾਬਕ, ਸੁਖਪਾਲ ਸਿੰਘ ਖਹਿਰਾ ਦੀ ਜ਼ਮਾਨਤ ਰੱਦ ਕਰਵਾਉਣ ਲਈ 10 ਲੱਖ ਰੁਪਏ ਦੀ ਰਿਸ਼ਵਤ ਮੰਗੀ ਗਈ ਸੀ। ਬੈਂਸ ਨੇ ਦਾਅਵਾ ਕੀਤਾ ਕਿ ਉਨ੍ਹਾਂ ਨੇ ਚੰਡੀਗੜ੍ਹ ਪ੍ਰੈੱਸ ਕਲੱਬ ਵਿੱਚ ਆਡੀਓ ਜਾਰੀ ਕੀਤੀ ਅਤੇ ਵਿਧਾਨ ਸਭਾ ਵਿੱਚ ਸਬੰਧਤ ਜੱਜ ਖ਼ਿਲਾਫ਼ ਨਿੰਦਾ ਮਤਾ ਵੀ ਲਿਆਂਦਾ ਸੀ। ਉਨ੍ਹਾਂ ਕਿਹਾ ਕਿ ਅਦਾਲਤਾਂ ਉਨ੍ਹਾਂ ਲਈ ਮੰਦਰਾਂ ਵਾਂਗ ਹਨ, ਪਰ ਜੇ ਉੱਥੇ ਕੋਈ ਰਿਸ਼ਵਤ ਮੰਗਦਾ ਹੈ ਤਾਂ ਉਹ ਉਸ ਨੂੰ ਵੀ ਬੇਨਕਾਬ ਕਰਨਗੇ। ਸਿਮਰਜੀਤ ਸਿੰਘ ਬੈਂਸ ਨੇ ਕਿਹਾ ਕਿ ਉਹ ਨਿਆਂਪਾਲਿਕਾ ਦਾ ਸਤਿਕਾਰ ਕਰਦੇ ਹਨ, ਪਰ ਫ਼ੈਸਲੇ ਨੂੰ ਚੁਣੌਤੀ ਦੇਣ ਲਈ ਪਟਿਆਲਾ ਸੈਸ਼ਨ ਕੋਰਟ ਅਤੇ ਪੰਜਾਬ ਤੇ ਹਰਿਆਣਾ ਹਾਈਕੋਰਟ ਦਾ ਦਰਵਾਜ਼ਾ ਖੜਕਾਉਣਗੇ। ਉਨ੍ਹਾਂ ਦਾ ਕਹਿਣਾ ਹੈ ਕਿ ਅਜਿਹੀ ਸਜ਼ਾ ਨਾਲ ਉਨ੍ਹਾਂ ਦੀ ਆਵਾਜ਼ ਨੂੰ ਦਬਾਇਆ ਨਹੀਂ ਜਾ ਸਕਦਾ ਅਤੇ ਉਹ ਜੇਲ੍ਹ ਵਿੱਚ ਰਹਿ ਕੇ ਵੀ ਦੇਸ਼ ਦੀ ਸੇਵਾ ਕਰਦੇ ਰਹਿਣਗੇ।

ਰਾਮਗੜ੍ਹੀਆ ਸਿੱਖ ਫਾਊਂਡੇਸ਼ਨ ਆਫ਼ ਓਨਟਾਰੀਓ ਕੈਨੇਡਾ ਵਲੋਂ ਡਾਇਬੀਟੀਜ਼ ਜਾਗਰੂਕਤਾ ਸੈਮੀਨਾਰ ਕਰਵਾਇਆ ਗਿਆ !

ਬੀਤੇ ਐਤਵਾਰ 18 – 10–2026 ਵਾਲੇ ਦਿਨ ਬਰੈਂਪਟਨ ਦੇ ਰਾਮਗੜ੍ਹੀਆ ਭਵਨ ਵਿਖੇ ਹਿਊਮੈਨਿਟੀ ਟੂਗੈਦਰ ਅਤੇ ਰਾਮਗੜ੍ਹੀਆ ਸਿੱਖ ਫਾਊਂਡੇਸ਼ਨ ਦੇ ਸਾਂਝੇ ਸਹਿਯੋਗ ਸਦਕਾ ਡਾਇਬੀਟੀਜ਼ ਜਾਗਰੂਕਤਾ ਸੈਮੀਨਾਰ ਕਰਵਾਇਆ ਗਿਆ ਜਿਸ ਵਿੱਚ ਸੀਨੀਅਰ ਨਾਗਰਿਕਾਂ ਦੀ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਹੋਈ ਜਿਸ ਵਿੱਚ ਉਪਰੋਕਤ ਸੰਸਥਾ ਵੱਲੋਂ ਮਨਦੀਪ ਕੌਰ ਉੱਪਲ (ਰਜਿ. ਖੁਰਾਕ ਮਾਹਿਰ) ਅਪਣੇ ਸਾਥੀਆਂ ਨਾਲ ਪਹੁੰਚੇ ਹੋਏ ਸਨ ! ਭਵਨ ਦੇ ਹਾਲਵਿੱਚ ਸੀਨੀਅਰ ਨਾਗਰਿਕਾਂ ਅਤੇ ਡਾਇਬੀਟੀਜ਼ ਨਾਲ ਸਬੰਧਤ ਮਹਿਮਾਨਾਂ ਦੀ ਭਰਵੀਂ ਸ਼ਮੂਲੀਅਤ ਸੀ ! ਮੈਡਮ ਮਨਦੀਪ ਕੌਰ ਉੱਪਲ ਨੇ ਡਾਇਬੀਟੀਜ਼ ਵਾਰੇ ਸ਼ੁਰੂਆਤ ਤੋਂ ਲੈ ਕੇ ਸਿਹਤਮੰਦ ਜੀਵਨ ਸ਼ੈਲੀ ਦੇ ਵਿਕਲਪਾਂ ਬਾਰੇ, ਪੋਸ਼ਣ, ਕਸਰਤ ਅਤੇ ਇਹਨਾਂ ਦੀ ਨਿਗਰਾਨੀ ਦੇ ਸੁਝਾਅ ਵੀ ਆਏ ਮਹਿਮਾਨਾਂ ਸਾਂਝੇ ਕੀਤੇ ਗਏ ! ਇਹਨਾਂ ਸਮਸਿਆਵਾਂ ਨੂੰ ਹੱਲ ਕਰਕੇ ਇੱਕ ਸਿਹਤਮੰਦ ਜੀਵਨ ਜਿਉਣ ਦਾ ਢੰਗ ਤਰੀਕਾ ਦੱਸਿਆ ! ਪ੍ਰੋਜੈਕਟਰ ਰਾਹੀਂ ਵੀ ਇਕੱਲੀ ਇਕੱਲੀ ਗੱਲ ਸਮਝਾਈ ਗਈ ! ਸੂਗਰ ਮਾਪਣ ਦੀਆਂ ਮਸ਼ੀਨਾਂ ਵੀ ਮੁਫ਼ਤ ਵਿੱਚ ਉਪਲਬਧ ਕਰਵਾਈਆਂ ਗਈਆਂ ! ਵਧੀਆ ਤਰੀਕੇ ਨਾਲ ਵਿਚਾਰਾਂ ਕੀਤੀਆਂ ਗੈਦੂ (ਚੇਅਰਮੈਨ) , ਕੁਲਵੰਤ ਕੌਰ ਗੈਦੂ, ਵਾਈਸ ਚੇਅਰਮੈਨ ਜਸਬੀਰ ਸਿੰਘ ਸਹਿੰਬੀ, ਮਹਿੰਦਰ ਸਿੰਘ ਕੁੰਦੀ (ਪ੍ਰਧਾਨ), ਅਮਰਜੀਤ ਕੌਰ ਕੁੰਦੀ, ਮਨਜੀਤ ਸਿੰਘ ਭੱਚੂ, ਹਰਦਿਆਲ ਸਿੰਘ ਝੀਤਾ, ਭੁਪਿੰਦਰ ਸਿੰਘ ਸੱਲ੍ਹ, ਕਰਨੈਲ ਸਿੰਘ ਘੜਿਆਲ, ਮੁੰਬਈ ਤੋਂ ਠੇਠੀ ਪਰਿਵਾਰ , ਰਵਿੰਦਰ ਸਿੰਘ ਰੂਪਰਾਏ, ਇੰਦਰਪਾਲ ਸਿੰਘ ਗੈਦੂ , ਅਮਨਦੀਪ ਸਿੰਘ ਬੰਬਰਾ , ਗੁਰਦੇਵ ਸਿੰਘ ਰੱਖੜਾ, ਭੁਪਿੰਦਰ ਰਤਨ, ਜਰਨੈਲ ਸਿੰਘ ਮਠਾੜੂ , ਰਣਜੀਤ ਸਿੰਘ ਲਾਲ, ਜਤਿੰਦਰ ਸਿੰਘ ਸਹਿੰਬੀ, ਬਲਦੇਵ ਸਿੰਘ ਮਣਕੂ, ਜਨਾਬ ਮਕਸੂਦ ਚੌਧਰੀ ਜੀ ਅਤੇ ਬਰੈਂਪਟਨ ਦੇ ਸੀਨੀਅਰਜ਼ ਕਲੱਬਾਂ ਦੀ ਐਸੋਸੀਏਸ਼ਨ ਦੇ ਪ੍ਰਧਾਨ ਜਗੀਰ ਸਿੰਘ ਸਹਿੰਬੀ ਨੇ ਵੀ ਵਿਸ਼ੇਸ਼ ਤੌਰ ਤੇ ਸ਼ਮੂਲੀਅਤ ਕੀਤੀ ! ਸੱਤ ਪਾਲ ਜੌਹਲ ਨੇ ਸਿਟੀ ਆਫ ਬਰੈਂਪਟਨ ਦੀਆਂ ਚੋਣਾਂ ਵਿੱਚ ਰੁੱਝੇ ਹੋਣ ਕਰਕੇ ਆਰ ਐੱਸ ਐੱਫ ਓ ਨੂੰ ਫੋਨ ਕਰਕੇ ਇਹ ਸੈਮੀਨਾਰ ਕਰਵਾਉਣ ਲਈ ਮੁਬਾਰਕਾਂ ਦਿੱਤੀਆਂ ! ਆਰ ਐਸ ਐਫ ਓ ਵਲੋਂ ਆਏ ਮਹਿਮਾਨਾਂ ਲਈ ਚਾਹ, ਸਨੈਕਸ ਅਤੇ ਗੁਰੂ ਕੇ ਲੰਗਰ ਦਾ ਉਚਿੱਤ ਪ੍ਰਬੰਧ ਕੀਤਾ ਗਿਆ ਸੀ ! ਗਿਆਨੀ ਹਰਨੇਕ ਸਿੰਘ ਨੇ ਵੀ ਭਰਪੂਰ ਯੋਗਦਾਨ ਪਾਇਆ ! ਅਖੀਰ ਵਿੱਚ ਦਲਜੀਤ ਸਿੰਘ ਗੈਦੂ ਨੇ ਆਏ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਦੱਸਿਆ ਕਿ ਆਉਣ ਵਾਲੇ ਸਮੇਂ ਵਿੱਚ ਵੀ ਸੀਨੀਅਰਜ਼ ਦੀ ਭਲਾਈ ਲਈ ਹੋਰ ਵੀ ਸੈਮੀਨਾਰ ਕਰਵਾਏ ਜਾਣਗੇ ! ਸਾਨੂੰ ਸਾਰਿਆਂ ਨੂੰ ਇਹੋ ਜਿਹੇ ਸੈਮੀਨਾਰਾਂ ਵਿੱਚ ਸ਼ਾਮਲ ਹੋ ਕੇ ਲਾਹਾ ਲੈਣਾ ਚਾਹੀਦਾ ਹੈ !

ਭਾਰਤੀ ਮੂਲ ਦੇ ਵਿਅਕਤੀ ਨੇ ਅਮਰੀਕੀ ਸਰਕਾਰ ਨੂੰ ਲਗਾਇਆ 6.6 ਕਰੋੜ ਡਾਲਰ ਦਾ ਚੂਨਾ

ਵਾਸ਼ਿੰਗਟਨ : ਅਮਰੀਕਾ ਵਿਚ ਭਾਰਤੀ ਮੂਲ ਦੇ ਇਕ ਵਿਅਕਤੀ 'ਤੇ ਕੋਵਿਡ-19 ਦੌਰਾਨ 3.80 ਲੱਖ ਤੋਂ ਵੱਧ ਫਰਜ਼ੀ ਟੈਸਟ ਰਿਪੋਰਟਾਂ ਤਿਆਰ ਕਰ ਕੇ ਅਮਰੀਕੀ ਸਰਕਾਰ ਨਾਲ 6.6 ਕਰੋੜ ਅਮਰੀਕੀ ਡਾਲਰ (ਕਰੀਬ 550 ਕਰੋੜ ਰੁਪਏ) ਦੀ ਵੱਡੀ ਠੱਗੀ ਮਾਰਨ ਦੇ ਗੰਭੀਰ ਦੋਸ਼ ਆਇਦ ਕੀਤੇ ਗਏ ਹਨ। ਇਲੀਨੋਇਸ ਸਥਿਤ ਇਕ ਕਲੀਨਿਕਲ ਲੈਬਾਰਟਰੀ ਦੇ ਸਹਿ-ਮਾਲਕ ਰਾਜੇਸ਼ ਪਟੇਲ (52) 'ਤੇ ਧੋਖਾਧੜੀ ਦੀਆਂ 5 ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਪਟੇਲ ਨੇ ਅਪਣੀ ਲੈਬ ਰਾਹੀਂ 'ਮੈਰੀਡੀਅਨ ਮੈਡੀਕਲ ਸਟਾਫ਼ਿੰਗ ਇੰਕ.' ਦੇ ਨਾਮ 'ਤੇ 3,80,000 ਫ਼ਰਜ਼ੀ 'ਨੈਗੇਟਿਵ' ਕੋਵਿਡ ਟੈਸਟ ਰਿਪੋਰਟਾਂ ਤਿਆਰ ਕੀਤੀਆਂ ਸੀ। ਇਨ੍ਹਾਂ ਫਰਜ਼ੀ ਟੈਸਟਾਂ ਦੇ ਬਿਲ ਅਮਰੀਕੀ ਸਰਕਾਰ ਦੇ 'ਹੈਲਥ ਰਿਸੋਰਸਿਜ਼ ਐਂਡ ਸਰਵਿਸਿਜ਼ ਐਡਮਿ

ਅਮਰੀਕਾ ਦੇ ਲਾਸ ਵੇਗਾਸ ਏਅਰਪੋਰਟ 'ਤੇ ਵੱਡਾ ਹਾਦਸਾ

ਉਡਾਣ ਭਰਦੇ ਸਮੇਂ ਰਨਵੇਅ ਤੋਂ ਬਾਹਰ ਨਿਕਲਿਆ ਜਹਾਜ਼



ਲਾਸ ਵੇਗਾਸ: ਅਮਰੀਕਾ ਦੇ ਲਾਸ ਵੇਗਾਸ ਹਵਾਈ ਅੱਡੇ 'ਤੇ ਐਤਵਾਰ ਸਵੇਰੇ ਇੱਕ ਪ੍ਰਾਈਵੇਟ ਜੈੱਟ ਹਾਦਸੇ ਦਾ ਸ਼ਿਕਾਰ ਹੋ ਗਿਆ। ਉਡਾਣ ਭਰਨ ਦੌਰਾਨ ਜਹਾਜ਼ ਰਨਵੇਅ ਦੇ ਅੰਤ ਤੋਂ ਅੱਗੇ ਨਿਕਲ ਗਿਆ ਅਤੇ ਹਵਾਈ ਅੱਡੇ ਦੀ ਬਾਹਰੀ ਬਾਊਂਡਰੀ ਨਾਲ ਜਾ ਟਕਰਾਇਆ। ਹਾਦਸੇ ਤੋਂ ਬਾਅਦ ਹਵਾਈ ਅੱਡੇ 'ਤੇ ਕੁਝ ਸਮੇਂ ਲਈ ਉਡਾਣਾਂ ਦੀ ਆਵਾਜਾਈ ਪ੍ਰਭਾਵਿਤ ਹੋਈ। ਰਾਹਤ ਦੀ ਗੱਲ ਇਹ ਰਹੀ ਕਿ ਇਸ ਘਟਨਾ ਵਿੱਚ ਕਿਸੇ ਦੇ ਜ਼ਖ਼ਮੀ ਹੋਣ ਦੀ ਸੂਚਨਾ ਨਹੀਂ ਮਿਲੀ। ਅਧਿਕਾਰੀਆਂ ਵੱਲੋਂ ਹਾਦਸੇ ਦੇ ਕਾਰਨਾਂ ਬਾਰੇ ਹਾਲੇ ਕੋਈ ਜਾਣਕਾਰੀ ਸਾਂਝੀ ਨਹੀਂ ਕੀਤੀ ਗਈ।

ਉਡਾਣ ਭਰਦੇ ਸਮੇਂ ਰਨਵੇਅ ਤੋਂ ਬਾਹਰ ਨਿਕਲਿਆ ਜਹਾਜ਼

ਇਹ ਹਾਦਸਾ ਐਤਵਾਰ ਸਵੇਰੇ ਸਥਾਨਕ ਸਮੇਂ ਮੁਤਾਬਕ ਕਰੀਬ 11 ਵਜੇ ਹੈਰੀ ਰੀਡ ਇੰਟਰਨੈਸ਼ਨਲ ਏਅਰਪੋਰਟ 'ਤੇ ਵਾਪਰਿਆ। ਹਵਾਈ ਅੱਡੇ ਦੀ ਬੁਲਾਰਨ ਮੋਨਿਕਾ ਬਰਤਾਕੀ ਨੇ ਦੱਸਿਆ ਕਿ ਉਡਾਣ ਭਰਨ ਦੀ ਕੋਸ਼ਿਸ਼ ਦੌਰਾਨ ਇੱਕ ਨਿੱਜੀ ਜੈੱਟ ਰਨਵੇਅ ਦੇ ਅੰਤ ਤੋਂ ਅੱਗੇ ਨਿਕਲ ਗਿਆ ਅਤੇ ਬਾਹਰੀ ਬਾੜ ਨਾਲ ਟਕਰਾ ਗਿਆ। ਹਾਦਸੇ ਵਿੱਚ ਸ਼ਾਮਲ ਜਹਾਜ਼ ਦੀ ਪਛਾਣ ਡਸਾਲਟ ਫਾਲਕਨ 50 ਵਜੋਂ ਕੀਤੀ ਗਈ ਹੈ। ਹਾਲਾਂਕਿ ਜਹਾਜ਼ ਰਨਵੇਅ ਤੋਂ ਕਿਉਂ ਫਿਸਲਿਆ, ਇਸ ਬਾਰੇ ਹਾਲੇ ਤੱਕ ਕੋਈ ਸਪੱਸ਼ਟ ਕਾਰਨ ਸਾਹਮਣੇ ਨਹੀਂ ਆਇਆ।

ਦੋ ਰਨਵੇਅ ਬੰਦ, ਉਡਾਣਾਂ 'ਤੇ ਪਿਆ ਅਸਰ

ਘਟਨਾ ਤੋਂ ਬਾਅਦ ਜਾਂਚ ਅਤੇ ਨਿਰੀਖਣ ਲਈ ਹਵਾਈ ਅੱਡੇ ਦੇ ਦੋ ਰਨਵੇਅ ਅਸਥਾਈ ਤੌਰ 'ਤੇ ਬੰਦ ਕਰ ਦਿੱਤੇ ਗਏ। ਇਸ ਦੇ ਨਾਲ ਹੀ ਅਮਰੀਕਾ ਦੇ ਸੰਘੀ ਹਵਾਬਾਜ਼ੀ ਪ੍ਰਸ਼ਾਸਨ (FAA) ਨੇ ਹਵਾਈ ਅੱਡੇ ਲਈ ਨਿਰਧਾਰਤ ਉਡਾਣਾਂ ਨੂੰ ਕੁਝ ਸਮੇਂ ਲਈ ਰੋਕ ਦਿੱਤਾ, ਜਿਸ ਕਾਰਨ ਉਡਾਣਾਂ ਵਿੱਚ ਦੇਰੀ ਹੋਈ। 'ਨਿਊਯਾਰਕ ਪੋਸਟ' ਦੀ ਰਿਪੋਰਟ ਮੁਤਾਬਕ, ਹਾਦਸੇ ਦਾ ਸ਼ਿਕਾਰ ਹੋਏ ਡਸਾਲਟ ਫਾਲਕਨ 50 ਜਹਾਜ਼ ਦਾ ਟੇਲ ਨੰਬਰ N200SG ਸੀ। ਇਹ ਜਹਾਜ਼ ਰਨਵੇਅ 1L ਤੋਂ ਉਡਾਣ ਭਰਨ ਦੀ ਕੋਸ਼ਿਸ਼ ਕਰ ਰਿਹਾ ਸੀ, ਜਦੋਂ ਇਹ ਰਨਵੇਅ ਤੋਂ ਬਾਹਰ ਨਿਕਲ ਕੇ ਹਵਾਈ ਅੱਡੇ ਦੀ ਬਾਹਰੀ ਬਾੜ ਨਾਲ ਟਕਰਾ ਗਿਆ।

ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਲਾਸ ਵੇਗਾਸ ਦਾ ਇਹ ਹਵਾਈ ਅੱਡਾ ਕਾਫ਼ੀ ਰੁਝੇਵਿਆਂ ਵਾਲਾ ਹੈ। ਦਿੱਤੇ ਗਏ ਅੰਕੜਿਆਂ ਮੁਤਾਬਕ, ਅਗਸਤ ਤੱਕ ਇੱਥੇ 3 ਲੱਖ 70 ਹਜ਼ਾਰ ਤੋਂ ਵੱਧ ਉਡਾਣਾਂ ਹੋ ਚੁੱਕੀਆਂ ਸਨ ਅਤੇ 2026 ਦੌਰਾਨ ਹੁਣ ਤੱਕ 3.4 ਕਰੋੜ ਤੋਂ ਵੱਧ ਯਾਤਰੀ ਇੱਥੋਂ ਸਫ਼ਰ ਕਰ ਚੁੱਕੇ ਸਨ। ਫਿਲਹਾਲ ਹਾਦਸੇ ਦੀ ਜਾਂਚ ਅਤੇ ਜਹਾਜ਼ ਦੇ ਰਨਵੇਅ ਤੋਂ ਬਾਹਰ ਜਾਣ ਦੇ ਕਾਰਨਾਂ ਬਾਰੇ ਹੋਰ ਜਾਣਕਾਰੀ ਦੀ ਉਡੀਕ ਹੈ।

ਸਵਰਗ ਦਾ ਸੁਪਨਾ ਦਿਖਾ ਕੇ 190 ਬੱਚਿਆਂ ਨੂੰ ਭੁੱਖੇ ਮਾਰਨ ਦਾ ਮਾਮਲਾ:

ਧਰਮਗੁਰੂ ਦੋਸ਼ੀ ਕਰਾਰ; ਜੰਗਲ 'ਚੋਂ 400 ਤੋਂ ਵੱਧ ਦੇਹਾਂ ਮਿਲੀਆਂ



ਕੀਨੀਆ ਵਿੱਚ ਧਰਮ ਦੇ ਨਾਮ 'ਤੇ ਲੋਕਾਂ ਨੂੰ ਭੁੱਖੇ ਰਹਿਣ ਲਈ ਉਕਸਾਉਣ ਅਤੇ ਬੱਚਿਆਂ ਸਮੇਤ ਸੈਂਕੜੇ ਲੋਕਾਂ ਦੀ ਮੌਤ ਦੇ ਮਾਮਲੇ ਵਿੱਚ ਵੱਡਾ ਫ਼ੈਸਲਾ ਆਇਆ ਹੈ। ਧਰਮਗੁਰੂ ਪੌਲ ਮੈਕੈਂਜ਼ੀ ਅਤੇ ਉਸ ਦੇ ਲਗਭਗ 30 ਸਾਥੀਆਂ ਨੂੰ ਅਦਾਲਤ ਨੇ ਦੋਸ਼ੀ ਕਰਾਰ ਦਿੱਤਾ ਹੈ। ਦੋਸ਼ ਹੈ ਕਿ ਮੈਕੈਂਜ਼ੀ ਨੇ ਲੋਕਾਂ ਨੂੰ ਵਿਸ਼ਵਾਸ ਦਿਵਾਇਆ ਸੀ ਕਿ ਦੁਨੀਆ ਖ਼ਤਮ ਹੋਣ ਤੋਂ ਪਹਿਲਾਂ ਭੁੱਖੇ ਰਹਿਣ ਨਾਲ ਉਹ ਸਵਰਗ ਪਹੁੰਚ ਜਾਣਗੇ। ਇਸ ਮਾਮਲੇ ਵਿੱਚ ਸਜ਼ਾ ਦਾ ਐਲਾਨ 6 ਨਵੰਬਰ ਨੂੰ ਕੀਤਾ ਜਾਣਾ ਹੈ।

ਜੰਗਲ ਵਿੱਚੋਂ ਮਿਲੀਆਂ 400 ਤੋਂ ਵੱਧ ਲਾਸ਼ਾਂ

ਇਸ ਮਾਮਲੇ ਦਾ ਖ਼ੁਲਾਸਾ ਕੀਨੀਆ ਦੇ ਸ਼ਾਕਾਹੋਲਾ ਜੰਗਲ ਵਿੱਚ ਹੋਇਆ, ਜਿੱਥੇ ਪੁਲਿਸ ਨੂੰ ਸਮੂਹਿਕ ਕਬਰਾਂ ਬਾਰੇ ਜਾਣਕਾਰੀ ਮਿਲੀ ਸੀ। ਇਸ ਤੋਂ ਬਾਅਦ ਲਾਸ਼ਾਂ ਨੂੰ ਬਾਹਰ ਕੱਢਣ ਦਾ ਕੰਮ ਸ਼ੁਰੂ ਕੀਤਾ ਗਿਆ। ਹੁਣ ਤੱਕ ਇਸ ਜੰਗਲ ਵਿੱਚੋਂ 400 ਤੋਂ ਵੱਧ ਲਾਸ਼ਾਂ ਮਿਲ ਚੁੱਕੀਆਂ ਹਨ। ਸੋਮਵਾਰ ਨੂੰ ਅਦਾਲਤ ਨੇ 191 ਮੌਤਾਂ ਨਾਲ ਸਬੰਧਤ ਮਾਮਲੇ ਵਿੱਚ ਫ਼ੈਸਲਾ ਸੁਣਾਇਆ। ਜਦਕਿ ਹੋਰ ਮੌਤਾਂ ਦੀ ਜਾਂਚ ਅਜੇ ਜਾਰੀ ਹੈ। ਸਰਕਾਰੀ ਵਕੀਲਾਂ ਮੁਤਾਬਕ, ਮੈਕੈਂਜ਼ੀ ਗੁੱਡ ਨਿਊਜ਼ ਇੰਟਰਨੈਸ਼ਨਲ ਚਰਚ ਰਾਹੀਂ ਈਸਾਈ ਧਰਮ ਦੇ ਨਾਂ 'ਤੇ ਇੱਕ ਅਜਿਹਾ ਸਮੂਹ ਚਲਾ ਰਿਹਾ ਸੀ, ਜਿਸ ਵਿੱਚ ਦੁਨੀਆ ਦੇ ਅੰਤ ਹੋਣ ਦੀਆਂ ਗੱਲਾਂ ਕੀਤੀਆਂ ਜਾਂਦੀਆਂ ਸਨ।

ਤਿੰਨ ਪੜਾਵਾਂ ਵਿੱਚ ਲੋਕਾਂ ਨੂੰ ਭੁੱਖੇ ਰੱਖਣ ਦੀ ਯੋਜਨਾ

ਰਾਇਟਰਜ਼ ਦੀ ਰਿਪੋਰਟ ਮੁਤਾਬਕ, ਸਰਕਾਰੀ ਵਕੀਲਾਂ ਨੇ ਦੋਸ਼ ਲਾਇਆ ਕਿ ਮੈਕੈਂਜ਼ੀ ਨੇ ਲੋਕਾਂ ਨੂੰ ਭੁੱਖੇ ਰੱਖਣ ਦੀ ਯੋਜਨਾ ਤਿੰਨ ਪੜਾਵਾਂ ਵਿੱਚ ਬਣਾਈ ਸੀ। ਪਹਿਲਾਂ ਬੱਚਿਆਂ ਨੂੰ ਭੁੱਖਾ ਰੱਖਿਆ ਜਾਣਾ ਸੀ, ਫਿਰ ਔਰਤਾਂ ਅਤੇ ਨੌਜਵਾਨ ਮੁੰਡਿਆਂ ਨੂੰ ਅਤੇ ਆਖ਼ਰ ਵਿੱਚ ਬਾਕੀ ਮਰਦਾਂ ਨੂੰ ਭੋਜਨ ਤੋਂ ਵਾਂਝਾ ਰੱਖਣ ਦੀ ਯੋਜਨਾ ਸੀ। ਅਦਾਲਤ ਵਿੱਚ ਜੱਜ ਡਾਇਨਾ ਕਾਵੇਦਜ਼ਾ ਮੋਚਾਚੇ ਨੇ ਅੱਠ ਘੰਟਿਆਂ ਤੋਂ ਵੱਧ ਚੱਲੀ ਸੁਣਵਾਈ ਦੌਰਾਨ ਦੱਸਿਆ ਕਿ ਕੁਝ ਮਾਮਲਿਆਂ ਵਿੱਚ ਬੱਚਿਆਂ ਨੂੰ ਉਨ੍ਹਾਂ ਦੇ ਪਰਿਵਾਰਾਂ ਤੋਂ ਵੱਖ ਕਰ ਦਿੱਤਾ ਗਿਆ ਸੀ। ਉਨ੍ਹਾਂ ਨੂੰ ਖਾਣਾ ਨਹੀਂ ਦਿੱਤਾ ਗਿਆ, ਜਦਕਿ ਉਨ੍ਹਾਂ ਦੇ ਮਾਪੇ ਇਹ ਸਭ ਦੇਖਦੇ ਰਹੇ।

ਮੈਕੈਂਜ਼ੀ ਨੇ ਕਤਲ ਦੇ ਦੋਸ਼ਾਂ ਤੋਂ ਇਨਕਾਰ ਕਰਦਿਆਂ ਕਿਹਾ ਕਿ ਉਸ ਨੇ ਕਿਸੇ ਨੂੰ ਭੁੱਖੇ ਰਹਿਣ ਲਈ ਮਜਬੂਰ ਨਹੀਂ ਕੀਤਾ। ਹਾਲਾਂਕਿ, ਅਦਾਲਤ ਨੇ ਉਸ ਦੀਆਂ ਦਲੀਲਾਂ ਨੂੰ ਸਵੀਕਾਰ ਨਹੀਂ ਕੀਤਾ। ਫ਼ੈਸਲੇ ਵੇਲੇ ਉਹ ਆਪਣੀ ਪਤਨੀ ਨਾਲ ਅਦਾਲਤ ਵਿੱਚ ਮੌਜੂਦ ਸੀ। ਉਸ ਦੀ ਪਤਨੀ ਵੀ ਇਸ ਮਾਮਲੇ ਵਿੱਚ ਮੁਲਜ਼ਮ ਹੈ। ਇਸ ਮਾਮਲੇ ਦੀ ਜਾਂਚ ਮਾਰਚ 2023 ਵਿੱਚ ਸ਼ੁਰੂ ਹੋਈ ਸੀ, ਜਦੋਂ ਇੱਕ ਵਿਅਕਤੀ ਨੇ ਪੁਲਿਸ ਨੂੰ ਦੱਸਿਆ ਕਿ ਉਸ ਦੇ ਭਰਾ ਅਤੇ ਭਰਜਾਈ ਨੇ ਮੈਕੈਂਜ਼ੀ ਦੇ ਕਹਿਣ 'ਤੇ ਆਪਣੇ ਬੱਚਿਆਂ ਨੂੰ ਭੁੱਖੇ ਰੱਖ ਕੇ ਮਾਰ ਦਿੱਤਾ ਸੀ। ਮੈਕੈਂਜ਼ੀ ਨੂੰ ਪਹਿਲਾਂ ਗ੍ਰਿਫ਼ਤਾਰ ਕੀਤਾ ਗਿਆ, ਪਰ ਬਾਅਦ ਵਿੱਚ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਗਿਆ। ਅਪ੍ਰੈਲ 2023 ਵਿੱਚ ਉਸ ਨੂੰ ਮੁੜ ਗ੍ਰਿਫ਼ਤਾਰ ਕੀਤਾ ਗਿਆ ਅਤੇ ਪੁਲਿਸ ਨੇ ਜੰਗਲ ਵਿੱਚ ਵੱਡੇ ਪੱਧਰ 'ਤੇ ਤਲਾਸ਼ੀ ਸ਼ੁਰੂ ਕੀਤੀ। ਸਰਕਾਰੀ ਵਕੀਲਾਂ ਨੇ ਇਹ ਵੀ ਦੋਸ਼ ਲਾਇਆ ਕਿ ਹਿਰਾਸਤ ਵਿੱਚ ਰਹਿੰਦਿਆਂ ਮੈਕੈਂਜ਼ੀ ਨੇ ਜੰਗਲ ਤੋਂ ਲਗਭਗ 30 ਕਿਲੋਮੀਟਰ ਦੂਰ ਇੱਕ ਪਿੰਡ ਵਿੱਚ 52 ਲੋਕਾਂ ਦੀ ਮੌਤ ਦੇ ਨਿਰਦੇਸ਼ ਦਿੱਤੇ ਸਨ। ਇਸ ਮਾਮਲੇ ਵਿੱਚ ਵੀ ਉਸ ਨੇ ਆਪਣੇ ਆਪ ਨੂੰ ਬੇਕਸੂਰ ਦੱਸਿਆ ਹੈ। ਉਸ ਖ਼ਿਲਾਫ਼ ਅੱਤਵਾਦ ਨਾਲ ਜੁੜੇ ਹੋਰ ਦੋਸ਼ਾਂ ਤਹਿਤ ਵੀ ਮਾਮਲੇ ਚੱਲ ਰਹੇ ਹਨ। ਇਸ ਘਟਨਾ ਵਿੱਚ 62 ਸਾਲਾ ਫ੍ਰਾਂਸਿਸ ਵਾਂਜੇ ਨੇ ਆਪਣੇ ਪਰਿਵਾਰ ਦੇ ਅੱਠ ਮੈਂਬਰ ਗੁਆਏ, ਜਿਨ੍ਹਾਂ ਵਿੱਚ ਉਸ ਦੇ ਦੋ ਦੋਹਤੇ-ਪੋਤੇ ਵੀ ਸ਼ਾਮਲ ਸਨ। ਉਸ ਨੇ ਰਾਇਟਰਜ਼ ਨੂੰ ਦੱਸਿਆ ਕਿ ਪਰਿਵਾਰ ਲੰਬੇ ਸਮੇਂ ਤੋਂ ਇਸ ਘਟਨਾ ਕਾਰਨ ਮਾਨਸਿਕ ਪਰੇਸ਼ਾਨੀ ਝੱਲ ਰਿਹਾ ਹੈ ਅਤੇ ਉਹ ਅਦਾਲਤ ਦੇ ਫ਼ੈਸਲੇ ਦੀ ਉਡੀਕ ਕਰ ਰਹੇ ਸਨ।

ਕੈਲੀਫੋਰਨੀਆ 'ਚ ਲਾਪਤਾ ਪੰਜਾਬਣ ਜੈਸਮੀਨ ਔਜਲਾ ਗਿੱਲ ਦਾ ਬੇਰਹਿਮੀ ਨਾਲ ਕਤਲ; ਪਤੀ ਗ੍ਰਿਫ਼ਤਾਰ

ਪਤੀ ਨੇ ICE ਵੱਲੋਂ ਹਿਰਾਸਤ 'ਚ ਲੈਣ ਦਾ ਰਚਿਆ ਸੀ ਝੂਠਾ ਡਰਾਮਾ



ਅਮਰੀਕਾ ਦੇ ਕੈਲੀਫੋਰਨੀਆ ਦੀ ਸੈਕਰਾਮੈਂਟੋ ਰਿਹਾਇਸ਼ ਤੋਂ 30 ਸਤੰਬਰ ਤੋਂ ਲਾਪਤਾ ਚੱਲ ਰਹੀ ਪੰਜਾਬੀ ਮੂਲ ਦੀ ਔਰਤ ਜੈਸਮੀਨ ਔਜਲਾ ਗਿੱਲ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ ਹੈ। ਸੈਕਰਾਮੈਂਟੋ ਕਾਊਂਟੀ ਸ਼ੈਰਿਫ ਦਫ਼ਤਰ ਵੱਲੋਂ ਕੀਤੀ ਗਈ ਜਾਂਚ ਤੋਂ ਬਾਅਦ ਮ੍ਰਿਤਕਾ ਦੇ ਪਤੀ ਗੁਰਿੰਦਰ ਗਿੱਲ ਨੂੰ ਕਤਲ ਦੇ ਇਲਜ਼ਾਮ ਹੇਠ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਜਾਣਕਾਰੀ ਅਨੁਸਾਰ ਜੈਸਮੀਨ ਦੇ ਚਚੇਰੇ ਭਰਾ ਨੇ 4 ਅਕਤੂਬਰ ਨੂੰ ਉਸ ਦੇ ਲਾਪਤਾ ਹੋਣ ਦੀ ਰਿਪੋਰਟ ਦਰਜ ਕਰਵਾਈ ਸੀ। ਇਸ ਤੋਂ ਪਹਿਲਾਂ 1 ਅਕਤੂਬਰ ਨੂੰ ਐਲ ਡੋਰਾਡੋ ਕਾਊਂਟੀ ਖੇਤਰ ਵਿੱਚੋਂ ਇੱਕ ਔਰਤ ਦੀਆਂ ਸੜੀ ਹੋਈ ਦੇਹ ਬਰਾਮਦ ਹੋਈ ਸੀ। ਜਾਂਚ ਅਤੇ ਫੋਰੈਂਸਿਕ ਪੜਤਾਲ ਤੋਂ ਬਾਅਦ ਇਸ ਦੇਹ ਦੀ ਪਛਾਣ ਜੈਸਮੀਨ ਗਿੱਲ ਵਜੋਂ ਹੋਈ।

ਮੁੱਢਲੀ ਪੁੱਛਗਿੱਛ ਦੌਰਾਨ ਮੁਲਜ਼ਮ ਪਤੀ ਗੁਰਿੰਦਰ ਨੇ ਜਾਸੂਸਾਂ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕੀਤੀ। ਉਸ ਨੇ ਦਾਅਵਾ ਕੀਤਾ ਸੀ ਕਿ ਉਸ ਦੀ ਪਤਨੀ ਜਦੋਂ ਘਰ ਦੇ ਬਾਹਰੋਂ ਡਾਕ (ਮੇਲ) ਚੈੱਕ ਕਰ ਰਹੀ ਸੀ ਤਾਂ ਅਮਰੀਕੀ ਇਮੀਗ੍ਰੇਸ਼ਨ ਅਤੇ ਕਸਟਮਜ਼ ਐਨਫੋਰਸਮੈਂਟ (ICE) ਦੇ ਏਜੰਟ ਉਸ ਨੂੰ ਹਿਰਾਸਤ ਵਿੱਚ ਲੈ ਗਏ ਸਨ। ਹਾਲਾਂਕਿ, ਜਦੋਂ ਤਫ਼ਤੀਸ਼ੀ ਅਫ਼ਸਰਾਂ ਨੇ ICE ਨਾਲ ਸੰਪਰਕ ਕੀਤਾ ਤਾਂ ਵਿਭਾਗ ਨੇ ਸਪੱਸ਼ਟ ਕੀਤਾ ਕਿ ਉਕਤ ਪਤੇ 'ਤੇ ਅਜਿਹੀ ਕੋਈ ਕਾਰਵਾਈ ਨਹੀਂ ਕੀਤੀ ਗਈ ਸੀ।

ਜਾਂਚ ਅੱਗੇ ਵਧਣ 'ਤੇ ਪੁਲੀਸ ਨੂੰ ਗੁਰਿੰਦਰ ਦੇ ਬਿਆਨਾਂ ਵਿੱਚ ਕਈ ਵੱਡੇ ਵਿਰੋਧਾਭਾਸ ਮਿਲੇ। ਜਾਂਚਕਰਤਾਵਾਂ ਨੂੰ ਇਹ ਵੀ ਪਤਾ ਲੱਗਾ ਕਿ ਜੋੜੇ ਵਿਚਕਾਰ ਤਲਾਕ ਅਤੇ ਬੱਚੇ ਦੀ ਕਸਟਡੀ ਨੂੰ ਲੈ ਕੇ ਕਾਨੂੰਨੀ ਵਿਵਾਦ ਚੱਲ ਰਿਹਾ ਸੀ। ਸਬੂਤਾਂ ਦੇ ਆਧਾਰ 'ਤੇ ਹੋਮੀਸਾਈਡ ਡਿਟੈਕਟਿਵਜ਼ ਨੇ ਗੁਰਿੰਦਰ ਦੇ ਖ਼ਿਲਾਫ਼ ਅਦਾਲਤ ਤੋਂ ਗ੍ਰਿਫ਼ਤਾਰੀ ਵਾਰੰਟ ਹਾਸਲ ਕੀਤੇ ਅਤੇ 14 ਅਕਤੂਬਰ ਨੂੰ ਉਸ ਨੂੰ ਗ੍ਰਿਫ਼ਤਾਰ ਕਰ ਲਿਆ। ਪੁਲੀਸ ਨੇ ਉਸ ਨਾਲ ਸਬੰਧਤ ਦੋ ਰਿਹਾਇਸ਼ਾਂ 'ਤੇ ਤਲਾਸ਼ੀ ਵਾਰੰਟ ਵੀ ਤਾਮੀਲ ਕੀਤੇ ਹਨ ਅਤੇ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

ਕੈਨੇਡਾ ਦੀਆਂ ਸਥਾਨਕ ਚੋਣਾਂ 'ਚ ਭਾਰਤੀਆਂ ਦੀ ਬੱਲੇ-ਬੱਲੇ

ਦੋ ਆਗੂਆਂ ਨੇ ਜਿੱਤੇ ਮੇਅਰ ਅਹੁਦੇ

ਬ੍ਰਿਟਿਸ਼ ਕੋਲੰਬੀਆ: ਕੈਨੇਡਾ ਵਿੱਚ ਭਾਰਤੀ ਮੂਲ ਦੇ ਲੋਕਾਂ ਨੇ ਸਥਾਨਕ ਸਿਆਸਤ ਵਿੱਚ ਆਪਣੀ ਮੌਜੂਦਗੀ ਦਰਜ ਕਰਵਾਈ ਹੈ। ਬ੍ਰਿਟਿਸ਼ ਕੋਲੰਬੀਆ ਸੂਬੇ ਦੀਆਂ ਸਥਾਨਕ ਚੋਣਾਂ ਵਿੱਚ ਭਾਰਤੀ ਮੂਲ ਦੇ ਦੋ ਆਗੂਆਂ ਨੇ ਮੇਅਰ ਦੇ ਅਹੁਦੇ 'ਤੇ ਜਿੱਤ ਹਾਸਲ ਕੀਤੀ ਹੈ। ਭਾਰਤ ਵਿੱਚ ਜਨਮੇ ਹਰਸ਼ਨ ਰਾਮਦਾਸ ਫਰਨੀ ਸ਼ਹਿਰ ਦੇ ਨਵੇਂ ਮੇਅਰ ਚੁਣੇ ਗਏ ਹਨ, ਜਦਕਿ ਸੁਰਿੰਦਰਪਾਲ ਰਾਠੌਰ ਨੇ ਵਿਲੀਅਮਜ਼ ਲੇਕ ਦੇ ਮੇਅਰ ਵਜੋਂ ਮੁੜ ਜਿੱਤ ਦਰਜ ਕੀਤੀ ਹੈ। ਦੋਵਾਂ ਦੀ ਜਿੱਤ ਨਾਲ ਕੈਨੇਡਾ ਦੀ ਸਥਾਨਕ ਸਿਆਸਤ ਵਿੱਚ ਭਾਰਤੀ ਮੂਲ ਦੇ ਆਗੂਆਂ ਦੀ ਭੂਮਿਕਾ ਮੁੜ ਚਰਚਾ ਵਿੱਚ ਆ ਗਈ ਹੈ।

ਹਰਸ਼ਨ ਰਾਮਦਾਸ ਨੇ ਫਰਨੀ ਵਿੱਚ ਕਿੰਨੀਆਂ ਵੋਟਾਂ ਹਾਸਲ ਕੀਤੀਆਂ?

ਬ੍ਰਿਟਿਸ਼ ਕੋਲੰਬੀਆ ਵਿੱਚ 2026 ਦੀਆਂ ਸਥਾਨਕ ਚੋਣਾਂ ਦੌਰਾਨ ਮੇਅਰਾਂ, ਨਗਰ ਕੌਂਸਲਰਾਂ, ਖੇਤਰੀ ਜ਼ਿਲ੍ਹਿਆਂ ਦੇ ਨੁਮਾਇੰਦਿਆਂ ਅਤੇ ਸਕੂਲ ਬੋਰਡ ਟਰੱਸਟੀਆਂ ਸਮੇਤ ਵੱਖ-ਵੱਖ ਸਥਾਨਕ ਅਹੁਦਿਆਂ ਲਈ ਵੋਟਿੰਗ ਹੋਈ।

ਫਰਨੀ ਸ਼ਹਿਰ ਵਿੱਚ ਹਰਸ਼ਨ ਰਾਮਦਾਸ ਨੇ ਮੇਅਰ ਦੀ ਚੋਣ ਜਿੱਤ ਲਈ। ਉਨ੍ਹਾਂ ਨੂੰ ਕੁੱਲ 1,524 ਵੋਟਾਂ ਮਿਲੀਆਂ, ਜੋ ਕੁੱਲ ਪਈਆਂ ਵੋਟਾਂ ਦਾ 54.5 ਫ਼ੀਸਦੀ ਬਣਦੀਆਂ ਹਨ। ਉਨ੍ਹਾਂ ਦੇ ਵਿਰੋਧੀ ਕਾਈਲ ਹੈਮਿਲਟਨ ਨੂੰ 1,194 ਵੋਟਾਂ ਮਿਲੀਆਂ।

ਜਿੱਤ ਤੋਂ ਬਾਅਦ ਰਾਮਦਾਸ ਨੇ ਸ਼ਹਿਰ ਦੇ ਵੋਟਰਾਂ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਲੋਕਾਂ ਨੇ ਸ਼ਹਿਰ ਨੂੰ ਅੱਗੇ ਲੈ ਕੇ ਜਾਣ ਲਈ ਸਪੱਸ਼ਟ ਸੁਨੇਹਾ ਦਿੱਤਾ ਹੈ। ਉਨ੍ਹਾਂ ਨੇ ਸਹਿਯੋਗ, ਜਵਾਬਦੇਹੀ ਅਤੇ ਸ਼ਹਿਰ ਦੇ ਹਿੱਤਾਂ ਨੂੰ ਤਰਜੀਹ ਦੇਣ ਦੀ ਗੱਲ ਵੀ ਕਹੀ।

ਸੁਰਿੰਦਰਪਾਲ ਰਾਠੌਰ ਦੂਜੀ ਵਾਰ ਬਣੇ ਮੇਅਰ

ਦੂਜੇ ਪਾਸੇ, ਵਿਲੀਅਮਜ਼ ਲੇਕ ਵਿੱਚ ਭਾਰਤੀ ਮੂਲ ਦੇ ਸੁਰਿੰਦਰਪਾਲ ਰਾਠੌਰ ਨੇ ਮੁੜ ਮੇਅਰ ਦੀ ਚੋਣ ਜਿੱਤ ਲਈ ਹੈ। ਉਨ੍ਹਾਂ ਨੂੰ ਕੁੱਲ 2,116 ਵੋਟਾਂ ਮਿਲੀਆਂ। ਰਿਪੋਰਟ ਮੁਤਾਬਕ, ਉਨ੍ਹਾਂ ਨੇ ਆਪਣੇ ਵਿਰੋਧੀ ਵਾਲਟ ਕੌਬ ਨੂੰ ਇੱਕ ਹਜ਼ਾਰ ਤੋਂ ਵੱਧ ਵੋਟਾਂ ਦੇ ਫ਼ਰਕ ਨਾਲ ਹਰਾਇਆ। ਇਸ ਜਿੱਤ ਨਾਲ ਰਾਠੌਰ ਨੂੰ ਦੂਜੀ ਵਾਰ ਸ਼ਹਿਰ ਦੀ ਅਗਵਾਈ ਕਰਨ ਦਾ ਮੌਕਾ ਮਿਲਿਆ ਹੈ। ਜਿੱਤ ਮਗਰੋਂ ਉਨ੍ਹਾਂ ਨੇ ਆਪਣੇ ਪਰਿਵਾਰ, ਚੋਣ ਮੁਹਿੰਮ ਦੀ ਟੀਮ ਅਤੇ ਸ਼ਹਿਰ ਦੇ ਲੋਕਾਂ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਉਹ ਮੇਅਰ ਵਜੋਂ ਲੋਕਾਂ ਦੀ ਸੇਵਾ ਜਾਰੀ ਰੱਖਣ ਲਈ ਤਿਆਰ ਹਨ।

ਅਮਰੀਕਾ 'ਚ H-1B ਕਾਮਿਆਂ ਲਈ ਝਟਕਾ: 540 ਦਿਨਾਂ ਦੇ ਵਰਕ ਪਰਮਿਟ ਵਾਧੇ ਦੀ ਮਿਆਦ ਖ਼ਤਮ

ਅਮਰੀਕਾ ਵਿੱਚ H-1B ਵੀਜ਼ਾ ਧਾਰਕਾਂ ਅਤੇ ਉਨ੍ਹਾਂ ਦੇ ਜੀਵਨ ਸਾਥੀਆਂ ਲਈ ਮੁਸ਼ਕਿਲਾਂ ਵਧ ਸਕਦੀਆਂ ਹਨ। ਅਮਰੀਕੀ ਸਰਕਾਰ ਨੇ ਵੱਖ-ਵੱਖ ਵਰਗਾਂ ਦੇ ਪ੍ਰਵਾਸੀਆਂ ਕੋਲ ਮੌਜੂਦ ਵਰਕ ਪਰਮਿਟਾਂ (ਕੰਮ ਕਰਨ ਦੀਆਂ ਇਜਾਜ਼ਤਾਂ) ਲਈ 540 ਦਿਨਾਂ ਦੀ ਸਵੈਚਾਲਿਤ ਵਾਧਾ (automatic extension) ਦੀ ਵਿਵਸਥਾ ਨੂੰ ਖਤਮ ਕਰ ਦਿੱਤਾ ਹੈ। ਇੱਕ ਰਿਪੋਰਟ ਅਨੁਸਾਰ, ਇਸ ਫੈਸਲੇ ਕਾਰਨ ਹਜ਼ਾਰਾਂ ਵਿਦੇਸ਼ੀ ਕਰਮਚਾਰੀਆਂ—ਜਿਨ

'ਆਪ' ਸੰਸਦ ਮੈਂਬਰ ਸੰਜੇ ਸਿੰਘ ਨੇ ਆਪਣੇ 'ਤੇ ਲੱਗੇ ਸਾਰੇ ਦੋਸ਼ਾਂ ਨੂੰ ਨਕਾਰਿਆ

ਆਮ ਆਦਮੀ ਪਾਰਟੀ (ਆਪ) ਦੇ ਰਾਜ ਸਭਾ ਮੈਂਬਰ ਸੰਜੇ ਸਿੰਘ ਨੇ ਅੱਜ ਪੰਜਾਬ ਦੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਵੱਲੋਂ ਦਾਇਰ ਅਪਰਾਧਿਕ ਮਾਣਹਾਨੀ ਦੇ ਕੇਸ ਵਿੱਚ ਆਪਣੇ ਉੱਤੇ ਲੱਗੇ ਸਾਰੇ ਦੋਸ਼ਾਂ ਨੂੰ ਸਿਰੇ ਤੋਂ ਨਕਾਰਦਿਆਂ ਝੂਠਾ ਅਤੇ ਬੇਬੁਨਿਆਦ ਦੱਸਿਆ ਹੈ। ਸੰਜੇ ਸਿੰਘ ਨੇ ਇਹ ਬਿਆਨ ਇੱਥੋਂ ਦੀ ਇੱਕ ਸਥਾਨਕ ਅਦਾਲਤ ਵਿੱਚ ਫ਼ੌਜਦਾਰੀ ਜਾਬਤਾ (CrPC) ਦੀ ਧਾਰਾ 313 ਤਹਿਤ ਦਰਜ ਕਰਵਾਏ।

ਸੁਣਵਾਈ ਦੌਰਾਨ ਬਿਕਰਮ ਸਿੰਘ ਮਜੀਠੀਆ ਅਦਾਲਤ ਵਿੱਚ ਪੇਸ਼ ਨਹੀਂ ਹੋਏ, ਕਿਉਂਕਿ ਉਨ੍ਹਾਂ ਨੂੰ ਨਿੱਜੀ ਪੇਸ਼ੀ ਤੋਂ ਪਹਿਲਾਂ ਹੀ ਛੋਟ ਮਿਲੀ ਹੋਈ ਸੀ। ਅਦਾਲਤੀ ਕਾਰਵਾਈ ਦੌਰਾਨ ਐਡਵੋਕੇਟ ਬੀ.ਬੀ.ਐੱਸ. ਸੋਬਤੀ ਨੇ ਉਨ੍ਹਾਂ ਵੱਲੋਂ ਪੱਖ ਰੱਖਿਆ। ਸੰਜੇ ਸਿੰਘ ਨੇ ਆਪਣੇ 'ਤੇ ਲੱਗੇ ਦੋਸ਼ਾਂ ਨੂੰ ਗ਼ਲਤ ਦੱਸਿਆ, ਜਿਨ੍ਹਾਂ ਵਿੱਚ ਮਜੀਠੀਆ ਨੇ ਉਨ੍ਹਾਂ 'ਤੇ ਪੰਜਾਬ ਅੰਦਰ ਨਸ਼ਾ ਤਸਕਰੀ ਨਾਲ ਨਾਂ ਜੋੜ ਕੇ ਇਤਰਾਜ਼ਯੋਗ ਬਿਆਨਬਾਜ਼ੀ ਕਰਨ ਦੇ ਦੋਸ਼ ਲਾਏ ਸਨ। ਵਧੀਕ ਚੀਫ਼ ਜੁਡੀਸ਼ੀਅਲ ਮੈਜਿਸਟਰੇਟ ਡੇਜ਼ੀ ਬੰਗੜ ਦੀ ਅਦਾਲਤ ਨੇ ਮਾਮਲੇ ਦੀ ਅੰਤਿਮ ਬਹਿਸ ਲਈ 10 ਨਵੰਬਰ ਦੀ ਤਾਰੀਖ਼ ਮੁਕੱਰਰ ਕੀਤੀ ਹੈ।

ਇਹ ਮਾਮਲਾ ਜਨਵਰੀ 2016 ਦਾ ਹੈ, ਜਦੋਂ ਪੰਜਾਬ ਦੇ ਤਤਕਾਲੀ ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਸੰਜੇ ਸਿੰਘ ਖ਼ਿਲਾਫ਼ ਇਹ ਅਪਰਾਧਿਕ ਮਾਣਹਾਨੀ ਦਾ ਕੇਸ ਦਾਇਰ ਕੀਤਾ ਸੀ। ਇਹ ਸ਼ਿਕਾਇਤ 9 ਸਤੰਬਰ 2015 ਨੂੰ ਮੋਗਾ ਵਿਖੇ ਇੱਕ ਸਿਆਸੀ ਰੈਲੀ ਦੌਰਾਨ 'ਆਪ' ਆਗੂ ਵੱਲੋਂ ਦਿੱਤੇ ਗਏ ਕਥਿਤ ਬਿਆਨਾਂ ਨੂੰ ਲੈ ਕੇ ਦਰਜ ਕਰਵਾਈ ਗਈ ਸੀ। ਮਜੀਠੀਆ ਦਾ ਦੋਸ਼ ਸੀ ਕਿ ਸੰਜੇ ਸਿੰਘ ਨੇ ਉਨ੍ਹਾਂ ਦਾ ਨਾਂ ਨਸ਼ਾ ਤਸਕਰੀ ਨਾਲ ਜੋੜ ਕੇ ਝੂਠੇ ਤੇ ਮਾਣਹਾਨੀ ਵਾਲੇ ਬਿਆਨ ਦਿੱਤੇ ਸਨ, ਜਿਸ ਦਾ ਮਕਸਦ ਉਨ੍ਹਾਂ ਦੇ ਅਕਸ ਨੂੰ ਢਾਹ ਲਾਉਣਾ ਅਤੇ ਜਨਤਕ ਤੌਰ 'ਤੇ ਬਦਨਾਮ ਕਰਨਾ ਸੀ। ਇਸ ਵਰ੍ਹੇ ਮਈ ਮਹੀਨੇ ਵਿੱਚ ਇਹ ਮਾਮਲਾ ਉਸ ਸਮੇਂ ਅਹਿਮ ਮੋੜ 'ਤੇ ਪਹੁੰਚ ਗਿਆ ਸੀ ਜਦੋਂ ਮਜੀਠੀਆ ਤੋਂ ਜਿਰ੍ਹਾ (ਕ੍ਰਾਸ-ਐਗਜ਼ਾਮੀਨੇਸ਼ਨ) ਦੀ ਪ੍ਰਕਿਰਿਆ ਮੁਕੰਮਲ ਹੋ ਗਈ ਸੀ। ਇਹ ਜਿਰ੍ਹਾ ਹਾਈ ਕੋਰਟ ਵੱਲੋਂ ਦਿੱਤੇ ਗਏ ਆਖ਼ਰੀ ਮੌਕੇ ਮਗਰੋਂ 'ਆਪ' ਲੀਗਲ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਐਡਵੋਕੇਟ ਆਕਾਸ਼ ਬਜਾਜ ਅਤੇ ਉਨ੍ਹਾਂ ਦੀ ਵਕੀਲਾਂ ਦੀ ਟੀਮ ਵੱਲੋਂ ਕੀਤੀ ਗਈ ਸੀ। ਇਸ ਤੋਂ ਪਹਿਲਾਂ ਅਦਾਲਤ ਨੇ ਮੁੱਢਲੀ ਸੁਣਵਾਈ ਦੌਰਾਨ ਕਈ ਗਵਾਹਾਂ ਦੇ ਬਿਆਨ ਦਰਜ ਕੀਤੇ ਸਨ, ਜਿਨ੍ਹਾਂ ਵਿੱਚ ਖ਼ੁਦ ਮਜੀਠੀਆ, ਸਾਬਕਾ ਮੰਤਰੀ ਮਹੇਸ਼ਇੰਦਰ ਸਿੰਘ ਗਰੇਵਾਲ, ਸਾਬਕਾ ਲੋਕ ਨਿਰਮਾਣ ਮੰਤਰੀ ਸ਼ਰਨਜੀਤ ਸਿੰਘ ਢਿੱਲੋਂ ਅਤੇ ਵਿਧਾਇਕ ਮਨਪ੍ਰੀਤ ਸਿੰਘ ਇਆਲੀ ਸ਼ਾਮਲ ਸਨ। ਕਰੀਬ ਇੱਕ ਦਹਾਕੇ ਤੋਂ ਇਹ ਕੇਸ ਅਦਾਲਤ ਵਿੱਚ ਵਿਚਾਰ ਅਧੀਨ ਹੈ।

ਪਰਵਿੰਦਰ ਝੋਟਾ ਕਤਲ ਮਾਮਲਾ:

ਅਮਿਤ ਸ਼ਾਹ ਦੀ ਮੁਲਾਕਾਤ ਤੋਂ ਕੁਝ ਘੰਟਿਆਂ ਬਾਅਦ ਦੇਰ ਰਾਤ ਮਾਨਸਾ ਪੁੱਜੀ CBI ਦੀ ਟੀਮ, ਜਾਂਚ ਸ਼ੁਰੂ

ਮਾਨਸਾ: ਮਾਨਸਾ ਵਿੱਚ ਨਸ਼ਾ ਵਿਰੋਧੀ ਕਾਰਕੁਨ ਮਰਹੂਮ ਪਰਵਿੰਦਰ ਸਿੰਘ ਝੋਟਾ ਦੇ ਕਤਲ ਮਾਮਲੇ ਵਿੱਚ ਵੱਡੀ ਅਪਡੇਟ ਸਾਹਮਣੇ ਆਈ ਹੈ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਝੋਟਾ ਦੇ ਪਰਿਵਾਰ ਨਾਲ ਮੁਲਾਕਾਤ ਕਰਨ ਤੋਂ ਕੁਝ ਘੰਟਿਆਂ ਬਾਅਦ ਹੀ CBI ਦੀ ਪੰਜ ਮੈਂਬਰੀ ਟੀਮ ਮਾਨਸਾ ਪਹੁੰਚ ਗਈ। ਟੀਮ ਨੇ ਸਿਟੀ-2 ਪੁਲਿਸ ਥਾਣੇ ਤੋਂ ਕੇਸ ਨਾਲ ਸਬੰਧਤ ਫ਼ਾਈਲ ਆਪਣੇ ਕਬਜ਼ੇ ਵਿੱਚ ਲੈ ਲਈ ਹੈ।

ਅੱਧੀ ਰਾਤ ਮਾਨਸਾ ਪਹੁੰਚੀ CBI ਦੀ ਟੀਮ

ਜਾਣਕਾਰੀ ਮੁਤਾਬਕ, CBI ਦੀ ਟੀਮ ਬੀਤੀ ਰਾਤ ਕਰੀਬ 12 ਵਜੇ ਮਾਨਸਾ ਪਹੁੰਚੀ ਅਤੇ ਮਾਮਲੇ ਦੀ ਜਾਂਚ ਨਾਲ ਜੁੜੀ ਕਾਰਵਾਈ ਸ਼ੁਰੂ ਕੀਤੀ। ਟੀਮ ਵੱਲੋਂ ਪੁਲਿਸ ਥਾਣੇ ਤੋਂ ਕੇਸ ਦੀ ਫ਼ਾਈਲ ਲੈਣ ਤੋਂ ਬਾਅਦ ਜਾਂਚ ਅੱਗੇ ਵਧਣ ਦੀ ਉਮੀਦ ਹੈ। ਪਰਵਿੰਦਰ ਸਿੰਘ ਝੋਟਾ ਦਾ ਪਰਿਵਾਰ ਲਗਾਤਾਰ ਪੰਜਾਬ ਸਰਕਾਰ ਤੋਂ ਇਸ ਮਾਮਲੇ ਦੀ CBI ਜਾਂਚ ਕਰਵਾਉਣ ਦੀ ਮੰਗ ਕਰ ਰਿਹਾ ਸੀ। ਇਸ ਤੋਂ ਬਾਅਦ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਕੇਂਦਰ ਸਰਕਾਰ ਨੂੰ ਜਾਂਚ CBI ਹਵਾਲੇ ਕਰਨ ਦੀ ਸਿਫ਼ਾਰਸ਼ ਕੀਤੇ ਜਾਣ ਦੀ ਗੱਲ ਸਾਹਮਣੇ ਆਈ ਸੀ।

ਅਮਿਤ ਸ਼ਾਹ ਨੇ ਪਰਿਵਾਰ ਨੂੰ ਦਿੱਤਾ ਸੀ ਇਨਸਾਫ਼ ਦਾ ਭਰੋਸਾ

ਇਸੇ ਮਾਮਲੇ ਨੂੰ ਲੈ ਕੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵੀ ਮਾਨਸਾ ਪਹੁੰਚੇ ਸਨ। ਉਨ੍ਹਾਂ ਨੇ ਪਰਵਿੰਦਰ ਸਿੰਘ ਝੋਟਾ ਦੇ ਪਰਿਵਾਰ ਨਾਲ ਮੁਲਾਕਾਤ ਕਰਕੇ ਮਾਮਲੇ ਦੀ ਜਾਂਚ ਕਰਵਾਉਣ ਅਤੇ ਇਨਸਾਫ਼ ਦਿਵਾਉਣ ਦਾ ਭਰੋਸਾ ਦਿੱਤਾ ਸੀ। ਹੁਣ CBI ਟੀਮ ਦੇ ਮਾਨਸਾ ਪਹੁੰਚਣ ਅਤੇ ਕੇਸ ਦੀ ਫ਼ਾਈਲ ਲੈਣ ਤੋਂ ਬਾਅਦ ਪਰਿਵਾਰ ਨੂੰ ਇਨਸਾਫ਼ ਮਿਲਣ ਦੀ ਉਮੀਦ ਵਧੀ ਹੈ।

ਹਾਲਾਂਕਿ, CBI ਵੱਲੋਂ ਕੇਸ ਦੀ ਰਸਮੀ ਰਜਿਸਟ੍ਰੇਸ਼ਨ ਅਤੇ ਜਾਂਚ ਦੇ ਅਗਲੇ ਕਦਮਾਂ ਬਾਰੇ ਅਧਿਕਾਰਤ ਪੁਸ ਟੀ ਦੀ ਉਡੀਕ ਹੈ।

ਪਰਵਿੰਦਰ ਝੋਟੇ ਨੂੰ ਵਿਧਾਨ ਸਭਾ 'ਚ ਦਿੱਤੀ ਗਈ ਸ਼ਰਧਾਂਜਲੀ

ਪੰਜਾਬ ਵਿਧਾਨ ਸਭਾ ਦਾ ਛੇ ਰੋਜ਼ਾ ਵਿਸ਼ੇਸ਼ ਸੈਸ਼ਨ ਅੱਜ ਸ਼ੁਰੂ ਹੋਇਆ। ਸੈਸ਼ਨ ਦੇ ਪਹਿਲੇ ਦਿਨ ਵਿਛੜੀਆਂ ਸ਼ਖ਼ਸੀਅਤਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਇਨ੍ਹਾਂ ਵਿੱਚ ਮਾਨਸਾ ਦੇ ਪਰਮਿੰਦਰ ਸਿੰਘ ਝੋਟਾ ਸਮੇਤ ਕਈ ਅਹਿਮ ਸ਼ਖ਼ਸੀਅਤਾਂ ਸ਼ਾਮਲ ਸਨ। ਇਸ ਤੋਂ ਬਾਅਦ ਸਦਨ ਦੀ ਕਾਰਵਾਈ ਭਲਕੇ ਤੱਕ ਲਈ ਮੁਲਤਵੀ ਕਰ ਦਿੱਤੀ ਗਈ। ਹੁਣ ਕਾਰਵਾਈ ਭਲਕੇ ਸਵੇਰੇ 10 ਵਜੇ ਸ਼ੁਰੂ ਹੋਵੇਗੀ। ਪਹਿਲੇ ਦਿਨ ਦੀ ਕਾਰਵਾਈ ਸਿਰਫ਼ ਨੌਂ ਮਿੰਟ ਅਤੇ ਛੇ ਸਕਿੰਟ ਤੱਕ ਹੀ ਚੱਲੀ।

ਜ਼ਿਕਰਯੋਗ ਹੈ ਕਿ ਪੰਜਾਬ ਵਿਧਾਨ ਸਭਾ ਦਾ ਸੈਸ਼ਨ ਵਿਛੜੀਆਂ ਰੂਹਾਂ ਨੂੰ ਸ਼ਰਧਾਂਜਲੀ ਭੇਟ ਕਰਨ ਨਾਲ ਸ਼ੁਰੂ ਹੋਇਆ। ਇਸ ਦੌਰਾਨ ਪਰਮਿੰਦਰ ਸਿੰਘ ਝੋਟਾ ਜਿਨ੍ਹਾਂ ਨੇ ਮਾਨਸਾ ਵਿੱਚ ਨਸ਼ਿਆਂ ਦੀ ਸਮੱਸਿਆ ਵਿਰੁੱਧ ਆਵਾਜ਼ ਉਠਾਈ ਸੀ ਨੂੰ ਵੀ ਸ਼ਰਧਾਂਜਲੀ ਦਿੱਤੀ ਗਈ ਅਤੇ ਉਨ੍ਹਾਂ ਦੀ ਮੌਤ ਦੀ ਨਿਖੇਧੀ ਕੀਤੀ ਗਈ। ਸੰਗਰੂਰ ਵਿੱਚ ਸੜਕ ਹਾਦਸੇ ਦੌਰਾਨ ਜਾਨ ਗੁਆਉਣ ਵਾਲੇ ਮਨਰੇਗਾ ਦੇ ਅੱਠ ਕਾਮਿਆਂ ਨੂੰ ਵੀ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਮੌਕੇ ਦੋ ਮਿੰਟ ਦਾ ਮੌਨ ਰੱਖਿਆ ਗਿਆ।

ਇਸ ਤੋਂ ਪਹਿਲਾਂ, ਭਾਜਪਾ ਆਗੂਆਂ ਨੇ ਵਿਧਾਨ ਸਭਾ ਦੇ ਬਾਹਰ ਰੋਸ ਪ੍ਰਦਰਸ਼ਨ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਨਸ਼ਿਆਂ ਦੀ ਸਮੱਸਿਆ ਲੋਕਾਂ ਦੇ ਜੀਵਨ 'ਤੇ ਗੰਭੀਰ ਪ੍ਰਭਾਵ ਪਾ ਰਹੀ ਹੈ, ਅਤੇ ਜੋ ਲੋਕ ਨਸ਼ਿਆਂ ਵਿਰੁੱਧ ਆਵਾਜ਼ ਉਠਾਉਂਦੇ ਹਨ, ਉਨ੍ਹਾਂ ਨੂੰ ਆਪਣੀ ਜਾਨ ਗੁਆਉਣੀ ਪੈ ਰਹੀ ਹੈ।

ਨਸ਼ਿਆਂ ਵਿਰੁੱਧ ਸੰਘਰਸ਼ ਦੌਰਾਨ ਜ਼ਖ਼ਮੀ ਹੋਏ ਚਾਰ ਨੌਜਵਾਨਾਂ ਨੂੰ ਸ਼੍ਰੋਮਣੀ ਕਮੇਟੀ ਨੇ ਸੌਂਪੇ 5-5 ਲੱਖ ਰੁਪਏ ਦੇ ਚੈੱਕ

ਮਾਨਸਾ : ਨਸ਼ਿਆਂ ਵਿਰੁੱਧ ਆਵਾਜ਼ ਬੁਲੰਦ ਕਰਦਿਆਂ ਸ਼ਹਾਦਤ ਪ੍ਰਾਪਤ ਕਰਨ ਵਾਲੇ ਭਾਈ ਪਰਵਿੰਦਰ ਸਿੰਘ ਝੋਟਾ ਦੇ ਨਾਲ ਜ਼ਖ਼ਮੀ ਹੋਏ ਨੌਜਵਾਨਾਂ ਦੀ ਸਹਾਇਤਾ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਕੀਤੇ ਐਲਾਨ ਨੂੰ ਅਮਲੀ ਰੂਪ ਵਿੱਚ ਪੂਰਾ ਕਰਦਿਆਂ ਅੱਜ ਸ਼੍ਰੋਮਣੀ ਕਮੇਟੀ ਵੱਲੋਂ ਚਾਰ ਨੌਜਵਾਨਾਂ ਨੂੰ 5-5 ਲੱਖ ਰੁਪਏ ਦੀ ਮਾਲੀ ਸਹਾਇਤਾ ਦੇ ਚੈੱਕ ਸੌਂਪੇ ਗਏ । ਇਹ ਚੈੱਕ ਅੱਜ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਟੇਕ ਸਿੰਘ, ਅੰਤ੍ਰਿੰਗ ਕਮੇਟੀ ਮੈਂਬਰ ਗੁਰਪ੍ਰੀਤ ਸਿੰਘ ਝੱਬਰ ਤੇ ਮੀਤ ਸਕੱਤਰ ਅਜ਼ਾਦ ਦੀਪ ਸਿੰਘ ਨੇ ਜ਼ਖ਼ਮੀ ਨੌਜਵਾਨਾਂ ਨੂੰ ਮਿਲ ਕੇ ਸੌਂਪੇ। ਇਸ ਮੌਕੇ ਸ਼ਹੀਦ ਭਾਈ ਪਰਵਿੰਦਰ ਸਿੰਘ ਦੇ ਪਿਤਾ ਬਾਪੂ ਭੀਮ ਸਿੰਘ ਵੀ ਮੌਜੂਦ ਸਨ।

ਜ਼ਿਕਰਯੋਗ ਹੈ ਕਿ ਪਿਛਲੇ ਦਿਨੀਂ ਨਸ਼ਿਆਂ ਦੇ ਕਾਰੋਬਾਰ ਵਿਰੁੱਧ ਆਵਾਜ਼ ਉਠਾਉਣ ਸਮੇਂ ਵਾਪਰੀ ਘਟਨਾ ਦੌਰਾਨ ਭਾਈ ਪਰਵਿੰਦਰ ਸਿੰਘ ਝੋਟਾ ਸ਼ਹਾਦਤ ਪ੍ਰਾਪਤ ਕਰ ਗਏ ਸਨ, ਜਦਕਿ ਉਨ੍ਹਾਂ ਦੇ ਚਾਰ ਸਾਥੀ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਏ ਸਨ। ਇਸ ਦੁਖਦਾਈ ਘਟਨਾ ਤੋਂ ਬਾਅਦ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਸਿੰਘ ਸਾਹਿਬ ਗਿਆਨੀ ਟੇਕ ਸਿੰਘ ਨੇ ਪੀੜਤ ਪਰਿਵਾਰਾਂ ਨਾਲ ਮੁਲਾਕਾਤ ਕਰਕੇ ਦੁੱਖ ਸਾਂਝਾ ਕੀਤਾ ਸੀ ਅਤੇ ਜ਼ਖ਼ਮੀ ਨੌਜਵਾਨਾਂ ਦੇ ਇਲਾਜ ਅਤੇ ਸਹਾਇਤਾ ਲਈ ਮਾਲੀ ਮਦਦ ਦੇਣ ਦਾ ਐਲਾਨ ਕੀਤਾ ਸੀ। ਇਸ ਤਹਿਤ ਅੱਜ ਜ਼ਖ਼ਮੀਆਂ ਨੂੰ 5-5 ਲੱਖ ਰੁਪਏ ਸਹਾਇਤਾ ਰਾਸ਼ੀ ਦੇ ਚੈੱਕ ਸੌਂਪੇ ਗਏ।

ਇਸ ਮੌਕੇ ਸਿੰਘ ਸਾਹਿਬ ਗਿਆਨੀ ਟੇਕ ਸਿੰਘ ਨੇ ਕਿਹਾ ਕਿ ਨੌਜਵਾਨੀ ਨੂੰ ਨਸ਼ਿਆਂ ਦੀ ਦਲਦਲ ਵਿੱਚੋਂ ਬਾਹਰ ਕੱਢਣ ਲਈ ਹਿੰਮਤ ਨਾਲ ਆਵਾਜ਼ ਉਠਾਉਣ ਵਾਲੇ ਭਾਈ ਪਰਵਿੰਦਰ ਸਿੰਘ ਦੀ ਕੁਰਬਾਨੀ ਸਮੁੱਚੀ ਕੌਮ ਲਈ ਪ੍ਰੇਰਨਾ ਸਰੋਤ ਹੈ। ਉਨ੍ਹਾਂ ਕਿਹਾ ਕਿ ਨਸ਼ਿਆਂ ਵਰਗੀ ਸਮਾਜਿਕ ਬੁਰਾਈ ਵਿਰੁੱਧ ਸੰਘਰਸ਼ ਕਰਨਾ ਸਮੇਂ ਦੀ ਵੱਡੀ ਲੋੜ ਹੈ ਅਤੇ ਇਸ ਦਿਸ਼ਾ ਵਿਚ ਯਤਨ ਕਰਨ ਵਾਲੇ ਨੌਜਵਾਨਾਂ ਦੇ ਨਾਲ ਖੜਨਾ ਸਾਰਿਆਂ ਦਾ ਫ਼ਰਜ਼ ਹੈ।

ਟਾਈਗਰ ਸ਼ਰੌਫ਼ 'ਤੇ ਫਾਇਰਿੰਗ ਮਾਮਲੇ 'ਚ ਵੱਡੀ ਕਾਰਵਾਈ

ਦਿੱਲੀ ਤੋਂ ਦੋ ਔਰਤਾਂ ਸਮੇਤ 4 ਗ੍ਰਿਫ਼ਤਾਰ

ਬਾਲੀਵੁੱਡ ਅਦਾਕਾਰ ਟਾਈਗਰ ਸ਼ਰੌਫ਼ 'ਤੇ ਹੋਏ ਕਥਿਤ ਹਮਲੇ ਦੀ ਸਾਜ਼ਿਸ਼ ਦੀ ਜਾਂਚ ਹੁਣ ਦਿੱਲੀ ਤੱਕ ਪਹੁੰਚ ਗਈ ਹੈ। ਦਿੱਲੀ ਪੁਲੀਸ ਦੀ ਸਪੈਸ਼ਲ ਸੈੱਲ ਨੇ ਇਸ ਮਾਮਲੇ ਵਿੱਚ ਦੋ ਔਰਤਾਂ ਸਮੇਤ ਚਾਰ ਜਣਿਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਗ੍ਰਿਫ਼ਤਾਰ ਮੁਲਜ਼ਮਾਂ ਦੀ ਪਛਾਣ ਕੁਨਾਲ, ਸੁਮਿਤ, ਰਾਧਾ ਅਤੇ ਬਬੀਤਾ ਵਜੋਂ ਹੋਈ ਹੈ। ਪੁਲੀਸ ਦਾ ਦੋਸ਼ ਹੈ ਕਿ ਇਨ੍ਹਾਂ ਚਾਰਾਂ ਨੇ ਹਮਲੇ ਲਈ ਵਰਤੇ ਗਏ ਹਥਿਆਰਾਂ ਦਾ ਪ੍ਰਬੰਧ ਕਰਨ ਅਤੇ ਉਨ੍ਹਾਂ ਨੂੰ ਹਮਲਾਵਰਾਂ ਤੱਕ ਪਹੁੰਚਾਉਣ ਵਿੱਚ ਅਹਿਮ ਭੂਮਿਕਾ ਨਿਭਾਈ ਸੀ। ਹੁਣ ਇਨ੍ਹਾਂ ਨੂੰ ਮੁੰਬਈ ਪੁਲੀਸ ਦੇ ਹਵਾਲੇ ਕਰ ਦਿੱਤਾ ਗਿਆ ਹੈ।

ਰਾਧਾ ਅਤੇ ਬਬੀਤਾ 'ਤੇ ਹਥਿਆਰ ਪਹੁੰਚਾਉਣ ਦਾ ਦੋਸ਼

ਜਾਂਚ ਨਾਲ ਜੁੜੀ ਜਾਣਕਾਰੀ ਮੁਤਾਬਕ, ਰਾਧਾ ਅਤੇ ਬਬੀਤਾ ਉੱਤਰ ਪ੍ਰਦੇਸ਼ ਦੀਆਂ ਰਹਿਣ ਵਾਲੀਆਂ ਹਨ। ਦੋਸ਼ ਹੈ ਕਿ ਦੋਵੇਂ ਲਾਰੈਂਸ ਬਿਸ਼ਨੋਈ ਗੈਂਗ ਦੇ ਕਥਿਤ ਹਥਿਆਰ ਤਸਕਰੀ ਨੈੱਟਵਰਕ ਨਾਲ ਜੁੜੀਆਂ ਹੋਈਆਂ ਸਨ ਅਤੇ ਗੈਂਗ ਲਈ ਕੂਰੀਅਰ ਵਜੋਂ ਕੰਮ ਕਰਦੀਆਂ ਸਨ। ਪੁਲੀਸ ਮੁਤਾਬਕ, ਕੁਨਾਲ ਅਤੇ ਸੁਮਿਤ ਨੇ ਕਥਿਤ ਤੌਰ 'ਤੇ ਹਥਿਆਰਾਂ ਦਾ ਪ੍ਰਬੰਧ ਕੀਤਾ ਸੀ, ਜਦਕਿ ਰਾਧਾ ਅਤੇ ਬਬੀਤਾ ਨੇ ਮੁੰਬਈ ਦੇ ਦਾਦਰ ਇਲਾਕੇ ਵਿੱਚ ਜਾ ਕੇ ਇਹ ਹਥਿਆਰ ਗੈਂਗ ਨਾਲ ਜੁੜੇ ਲੋਕਾਂ ਨੂੰ ਸੌਂਪੇ ਸਨ। ਜਾਂਚ ਏਜੰਸੀਆਂ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੀਆਂ ਹਨ ਕਿ ਹਮਲੇ ਦੀ ਯੋਜਨਾ ਵਿੱਚ ਹੋਰ ਕੌਣ-ਕੌਣ ਸ਼ਾਮਲ ਸੀ।

ਚਾਰਾਂ ਮੁਲਜ਼ਮਾਂ ਨੂੰ ਦਿੱਲੀ ਵਿੱਚ ਅਦਾਲਤ ਸਾਹਮਣੇ ਪੇਸ਼ ਕੀਤਾ ਗਿਆ। ਇਸ ਤੋਂ ਬਾਅਦ ਮੁੰਬਈ ਪੁਲੀਸ ਨੇ ਉਨ੍ਹਾਂ ਤੋਂ ਪੁੱਛਗਿੱਛ ਅਤੇ ਰਸਮੀ ਗ੍ਰਿਫ਼ਤਾਰੀ ਦੀ ਇਜਾਜ਼ਤ ਮੰਗੀ, ਜਿਸ ਨੂੰ ਅਦਾਲਤ ਨੇ ਮਨਜ਼ੂਰੀ ਦੇ ਦਿੱਤੀ। ਅਦਾਲਤ ਨੇ ਮੁੰਬਈ ਪੁਲੀਸ ਨੂੰ ਚਾਰਾਂ ਮੁਲਜ਼ਮਾਂ ਦੀ ਤਿੰਨ ਦਿਨ ਦੀ ਟ੍ਰਾਂਜ਼ਿਟ ਰਿਮਾਂਡ ਵੀ ਦੇ ਦਿੱਤੀ ਹੈ।

ਮੁੰਬਈ 'ਚ ਟਾਈਗਰ ਸ਼ਰੌਫ਼ ਦੀ ਕਾਰ 'ਤੇ ਚੱਲੀਆਂ ਸਨ ਗੋਲੀਆਂ

ਇਹ ਘਟਨਾ ਐਤਵਾਰ ਸ਼ਾਮ ਨੂੰ ਮੁੰਬਈ ਦੇ ਜੁਹੂ ਇਲਾਕੇ ਵਿੱਚ ਵਾਪਰੀ ਸੀ। ਅਦਾਕਾਰ ਜੈਕੀ ਸ਼ਰੌਫ਼ ਦੇ ਪੁੱਤਰ ਟਾਈਗਰ ਸ਼ਰੌਫ਼ ਫੁੱਟਬਾਲ ਖੇਡਣ ਗਏ ਹੋਏ ਸਨ। ਜਦੋਂ ਉਨ੍ਹਾਂ ਦੀ ਬੀਐੱਮਡਬਲਿਊ ਕਾਰ ਗੇਟ ਕੋਲ ਇਕੱਠੇ ਹੋਏ ਪ੍ਰਸ਼ੰਸਕਾਂ ਵਿਚਕਾਰੋਂ ਲੰਘ ਰਹੀ ਸੀ, ਤਾਂ ਦੋ ਵਿਅਕਤੀਆਂ ਨੇ ਕਾਰ ਵੱਲ ਗੋਲੀਆਂ ਚਲਾ ਦਿੱਤੀਆਂ। ਰਿਪੋਰਟਾਂ ਮੁਤਾਬਕ, ਹਮਲਾਵਰਾਂ ਨੇ ਛੇ ਤੋਂ ਸੱਤ ਰਾਊਂਡ ਫਾਇਰ ਕੀਤੇ। ਦੱਸਿਆ ਗਿਆ ਹੈ ਕਿ ਇੱਕ ਹਮਲਾਵਰ ਟਾਈਗਰ ਦੇ ਕਾਫ਼ੀ ਨੇੜੇ ਸੀ ਅਤੇ ਉਸ ਨੇ ਸਿੱਧਾ ਨਿਸ਼ਾਨਾ ਲਗਾਉਣ ਦੀ ਕੋਸ਼ਿਸ਼ ਕੀਤੀ। ਪਰ ਕਥਿਤ ਤੌਰ 'ਤੇ ਬੰਦੂਕ ਜਾਮ ਹੋਣ ਕਾਰਨ ਵੱਡਾ ਹਾਦਸਾ ਟਲ ਗਿਆ। ਇਸ ਘਟਨਾ ਵਿੱਚ ਅਦਾਕਾਰ ਦਾ ਡਰਾਈਵਰ ਅਤੇ ਇੱਕ ਹੋਰ ਵਿਅਕਤੀ ਜ਼ਖ਼ਮੀ ਹੋ ਗਏ।

ਕੋਟਾ ਤੋਂ ਪਹਿਲਾਂ ਹੀ ਤਿੰਨ ਸ਼ੂਟਰ ਗ੍ਰਿਫ਼ਤਾਰ

ਇਸ ਮਾਮਲੇ ਵਿੱਚ ਇਸ ਤੋਂ ਪਹਿਲਾਂ ਤਿੰਨ ਕਥਿਤ ਹਮਲਾਵਰਾਂ ਨੂੰ ਰਾਜਸਥਾਨ ਦੇ ਕੋਟਾ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਇਨ੍ਹਾਂ ਦੀ ਪਛਾਣ ਬਿਹਾਰ ਦੇ ਰਿਤਿਕ ਉਰਫ਼ ਰੋਸ਼ਨ, ਹਰਿਆਣਾ ਦੇ ਰੇਹਾਨ ਅਤੇ ਫੂਲ ਸਿੰਘ ਵਜੋਂ ਦੱਸੀ ਗਈ ਹੈ। ਤਿੰਨਾਂ ਦੀ ਉਮਰ ਕ੍ਰਮਵਾਰ 22, 18 ਅਤੇ 18 ਸਾਲ ਦੱਸੀ ਗਈ ਹੈ। ਪੁਲੀਸ ਮੁਤਾਬਕ, ਉਹ ਨੇਪਾਲ ਭ

ਪੰਜਾਬ ਸਟਾਰ PUNJABSTAR.COM

To Contact Us:

Editor:
Simrat Grewal
905-673-7666

Marketing Director:
Lakhwinder Singh Sandhu
647-400-7314

Senior Advisors:
Harkirat Singh
Abnash Nijjor
Davinder Sandhu
Onkar Grewal

Technical Director :
Bobby Bhamra

Accounts Advisor:
Sandeep Assi (CGA)
905-450-8999

Correspondant:
Raghbir Singh Kahlon (Ludhiana)
Amolak Mann (San jose)
Kulwinder Singh (New Jersey)
Ragvir Singh (Jalandhar)

Registered Office:
7035 Maxwell Rd.,
Suite#203, Mississauga, ON.
L5S 1R5
Ph: 905-673-7666
Fax: 289-206-8611

website:-
www.punjabstar.com
Email:-
editor@punjabstar.com

Annual Subscription
Canada:- $1:00
International:-$1:50

ਪੰਜਾਬ ਸਟਾਰ ਦੇ ਸੰਪਾਦਕ ਜਾਂ ਇਸ ਨਾਲ ਜੁੜੇ ਲੋਕਾਂ ਦਾ ਪੰਜਾਬ ਸਟਾਰ ਵਿੱਚ ਛਪਦੀਆਂ ਲਿਖਤਾਂ ਅਤੇ ਇਸ਼ਤਿਹਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

The Punjab Star management & people associated with it are not responsible for any claims made by the advertisers & do not endorse any product or services advertised in Punjab star. We sell the space in the newspaper, and the claims are those of the advertisers. Please consult your lawyer before buying through the advertisements published in Punjab Star.

ਬੁੱਧ ਬਾਣ

ਪੰਜਾਬ ਦੇ ਦਰਿਆਈ ਪਾਣੀਆਂ ਦਾ ਝਗੜਾ : ਵਰਤਮਾਨ ਤੇ ਪਿਛੋਕੜ !

ਪੰਜਾਬ ਦੇ ਦਰਿਆਈ ਪਾਣੀਆਂ ਬਾਰੇ ਛੇ ਦਹਾਕਿਆਂ ਤੋਂ ਵੱਧ ਸਮੇਂ ਤੋਂ ਸਿਰਫ਼ ਬਹਿਸ ਚੱਲ ਰਹੀ ਹੈ। ਇਸ ਮਸਲੇ ਦਾ ਹੱਲ ਨਾ ਕੇਂਦਰ ਸਰਕਾਰ, ਪੰਜਾਬ ਤੇ ਹਰਿਆਣਾ ਸਰਕਾਰਾਂ ਯਤਨ ਕਰ ਰਹੀਆਂ ਹਨ। ਵਿਧਾਨ ਸਭਾਵਾਂ ਦੀ ਚੋਣਾਂ ਵੇਲੇ ਇਸ ਮੁੱਦੇ ਨੂੰ ਚੁੱਕਿਆ ਜਾਂਦਾ ਹੈ। ਫੇਰ ਚੋਣਾਂ ਤੋਂ ਬਾਅਦ ਠੰਡੇ ਬਸਤੇ ਵਿੱਚ ਪਾ ਦਿੱਤਾ ਜਾਂਦਾ ਹੈ। ਇਥੇ ਸਵਾਲ ਉੱਠਦਾ ਹੈ ਕਿ ਕੀ ਪੰਜਾਬ ਦੇ ਦਰਿਆਈ ਪਾਣੀ ਕੇਵਲ ਸਿਆਸਤ ਤੱਕ ਹੀ ਸੀਮਿਤ ਹੈ? ਜਾਂ ਫਿਰ ਇਸ ਦੀਆਂ ਵਿਭਿੰਨ ਪਰਤਾਂ ਹਨ। ਪਾਣੀ ਸਿਰਫ਼ ਦਰਿਆ ਵਿੱਚ ਵਗਦਾ ਤਰਲ ਪਦਾਰਥ ਨਹੀਂ ਹੁੰਦਾ। ਪਾਣੀ ਨਾਲ ਖੇਤ ਜੁੜੇ ਹਨ, ਖੇਤਾਂ ਨਾਲ ਰੋਟੀ, ਰੋਟੀ ਨਾਲ ਜੀਵਨ ਅਤੇ ਜੀਵਨ ਨਾਲ ਕਿਸੇ ਖਿੱਤੇ ਦੀ ਆਰਥਿਕ ਤੇ ਸਮਾਜਿਕ ਹੋਂਦ। ਹੁਣ ਤਾਂ ਇਸ ਦੁਆਲੇ ਸਿਆਸਤ ਵੀ ਘੁੰਮਦੀ ਹੈ।

ਇਸ ਲਈ ਪੰਜਾਬ ਦੇ ਦਰਿਆਈ ਪਾਣੀਆਂ ਦਾ ਮਸਲਾ ਕਿਸੇ ਇੱਕ ਨਹਿਰ, ਇੱਕ ਸਰਕਾਰ ਜਾਂ ਦੋ ਸੂਬਿਆਂ ਦੀ ਲੜਾਈ ਨਹੀਂ। ਇਹ ਸਵਾਲ ਪੰਜਾਬ ਦੇ ਭਵਿੱਖ, ਭਾਰਤੀ ਸੰਘੀ ਢਾਂਚੇ, ਖੇਤੀਬਾੜੀ, ਵਾਤਾਵਰਣ ਅਤੇ ਪਾਣੀ ਦੀ ਵਧ ਰਹੀ ਕਮੀ ਨਾਲ ਜੁੜਿਆ ਹੋਇਆ ਹੈ। ਇਸੇ ਕਰਕੇ ਇਹ ਲਗਾਤਾਰ ਸੁਲਘਦਾ ਹੈ। ਪਾਣੀਆਂ ਦੇ ਝਗੜੇ ਦੀ ਜੜ੍ਹ ਕਿੱਥੇ ਹੈ? ਇਸ ਨੂੰ ਸਮਝਣ ਦੀ ਲੋੜ ਹੈ।

ਪੰਜਾਬ ਦੇ ਦਰਿਆਈ ਪਾਣੀਆਂ ਦਾ ਮੌਜੂਦਾ ਵਿਵਾਦ ਮੁੱਖ ਤੌਰ 'ਤੇ ਰਾਵੀ ਅਤੇ ਬਿਆਸ ਦੇ ਪਾਣੀਆਂ ਦੀ ਵੰਡ ਅਤੇ ਪੰਜਾਬ–ਹਰਿਆਣਾ ਵਿਚਕਾਰ ਸਤਲੁਜ–ਯਮੁਨਾ ਲਿੰਕ (SYL) ਨਹਿਰ ਨਾਲ ਜੁੜਿਆ ਹੋਇਆ ਹੈ।

1955 ਵਿੱਚ ਰਾਵੀ–ਬਿਆਸ ਦੇ ਉਪਲੱਬਧ ਪਾਣੀ ਨੂੰ ਲਗਭਗ 15.85 ਮਿਲੀਅਨ ਏਕੜ–ਫੁੱਟ (MAF) ਮੰਨ ਕੇ ਵੰਡ ਕੀਤੀ ਗਈ ਸੀ, ਰਾਜਸਥਾਨ ਨੂੰ 8 MAF, ਤਤਕਾਲੀ ਪੰਜਾਬ ਨੂੰ 7.20 MAF ਅਤੇ ਜੰਮੂ–ਕਸ਼ਮੀਰ ਨੂੰ 0.65 MAF। ਬਾਅਦ ਵਿੱਚ 1966 ਵਿੱਚ ਪੰਜਾਬ ਦੀ ਪੁਨਰਗਠਨ ਨਾਲ ਹਰਿਆਣਾ ਬਣਿਆ ਅਤੇ ਇਹ ਸਵਾਲ ਖੜ੍ਹਾ ਹੋਇਆ ਕਿ ਪੁਰਾਣੇ ਪੰਜਾਬ ਦੇ ਹਿੱਸੇ ਵਿੱਚੋਂ ਹਰਿਆਣਾ ਦਾ ਹਿੱਸਾ ਕਿੰਨਾ ਹੋਵੇਗਾ। ਇਹ ਬਹੁਤ ਮਹੱਤਵਪੂਰਨ ਸਵਾਲ ਸੀ।

1976 ਵਿੱਚ ਕੇਂਦਰ ਸਰਕਾਰ ਨੇ ਪੰਜਾਬ ਅਤੇ ਹਰਿਆਣਾ ਵਿਚਕਾਰ ਵੰਡ ਸਬੰਧੀ ਫੈਸਲਾ ਕਰਦਿਆਂ ਹਰਿਆਣਾ ਲਈ 3.5 MAF ਨਿਰਧਾਰਿਤ ਕੀਤਾ। ਫਿਰ 31 ਦਸੰਬਰ 1981 ਦੇ ਸਮਝੌਤੇ ਵਿੱਚ ਉਪਲੱਬਧ ਰਾਵੀ–ਬਿਆਸ ਪਾਣੀ ਨੂੰ 17.17 MAF ਮੰਨ ਕੇ ਪੰਜਾਬ ਲਈ 4.22 MAF, ਹਰਿਆਣਾ ਲਈ 3.50 MAF ਅਤੇ ਰਾਜਸਥਾਨ ਲਈ 8.60 MAF ਆਦਿ ਦੀ ਵੰਡ ਦਰਜ ਹੋਈ। ਇੱਥੋਂ ਵਿਵਾਦ ਖ਼ਤਮ ਨਹੀਂ ਹੋਇਆ, ਸਗੋਂ ਹੋਰ ਗੁੰਝਲਦਾਰ ਹੋ ਗਿਆ।

SYL ਨਹਿਰ—ਪਾਣੀ ਤੋਂ ਵੱਧ ਰਾਜਨੀਤੀ ਦਾ ਪ੍ਰਤੀਕ ਬਣ ਕੇ ਰਹਿ ਗਈ। SYL ਨਹਿਰ ਦੀ ਕੁੱਲ ਲੰਬਾਈ ਲਗਭਗ 214 ਕਿਲੋਮੀਟਰ ਤੈਅ ਕੀਤੀ ਗਈ ਸੀ, ਲਗਭਗ 122 ਕਿਲੋਮੀਟਰ ਪੰਜਾਬ ਵਿੱਚ ਅਤੇ 92 ਕਿਲੋਮੀਟਰ ਹਰਿਆਣਾ ਵਿੱਚ। 8 ਅਪ੍ਰੈਲ 1982 ਨੂੰ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਪੰਜਾਬ ਦੇ ਕਪੂਰੀ ਵਿਖੇ ਨਹਿਰ ਦੇ ਕੰਮ ਦੀ ਸ਼ੁਰੂਆਤ ਕੀਤੀ। ਇਸ ਦੇ ਵਿਰੋਧ ਵਿੱਚ ਪੰਜਾਬ ਵਿੱਚ ਕਪੂਰੀ ਮੋਰਚਾ ਲੱਗਿਆ।

1985 ਦੇ ਰਾਜੀਵ–ਲੌਂਗੋਵਾਲ ਸਮਝੌਤੇ ਤੋਂ ਬਾਅਦ ਪਾਣੀਆਂ ਦੀ ਉਪਲੱਬਧਤਾ ਅਤੇ ਵੰਡ ਦੀ ਮੁੜ ਜਾਂਚ ਲਈ ਰਾਵੀ–ਬਿਆਸ ਵਾਟਰਜ਼ ਟ੍ਰਿਬਿਊਨਲ, ਜਿਸ ਦੀ ਅਗਵਾਈ ਜਸਟਿਸ ਵੀ. ਬਾਲਕ੍ਰਿਸ਼ਨ ਐਰਾਡੀ ਨੇ ਕੀਤੀ, ਬਣਾਇਆ ਗਿਆ। 1987 ਵਿੱਚ ਟ੍ਰਿਬਿਊਨਲ ਨੇ ਪੰਜਾਬ ਅਤੇ ਹਰਿਆਣਾ ਦੇ ਹਿੱਸਿਆਂ ਵਿੱਚ ਤਬਦੀਲੀ ਦੀ ਸਿਫ਼ਾਰਸ਼ ਕੀਤੀ। ਪਰ ਸਿਫ਼ਾਰਸ਼ਾਂ, ਇਤਰਾਜ਼ਾਂ, ਕਾਨੂੰਨੀ ਕਾਰਵਾਈਆਂ ਅਤੇ ਸਿਆਸੀ ਟਕਰਾਅ ਦਾ ਸਿਲਸਿਲਾ ਜਾਰੀ ਰਿਹਾ।

ਪੰਜਾਬ ਦਾ ਤਰਕ ਕੀ ਹੈ? ਇਸ ਗੱਲ ਨੂੰ ਸਮਝਣਾ ਜ਼ਰੂਰੀ ਹੈ ਪਰ ਇਸ ਨੂੰ ਹਮੇਸ਼ਾ ਸਿਆਸੀ ਪਾਣ ਦੇ ਕੇ ਉਲਝਾਇਆ ਗਿਆ ਹੈ। ਪੰਜਾਬ ਦਾ ਇੱਕ ਮੁੱਖ ਤਰਕ ਦਰਿਆਈ ਸੂਬੇ (riparian state) ਦੇ ਸਿਧਾਂਤ ਨਾਲ ਜੁੜਿਆ ਰਿਹਾ ਹੈ। ਪੰਜਾਬ ਦਾ ਕਹਿਣਾ ਹੈ ਕਿ ਜਿਹੜੇ ਦਰਿਆ ਪੰਜਾਬ ਦੀ ਧਰਤੀ ਵਿੱਚੋਂ ਵੱਗਦੇ ਹਨ, ਉਨ੍ਹਾਂ ਦੇ ਪਾਣੀ ਉੱਤੇ ਪੰਜਾਬ ਦੇ ਹੱਕ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ।

ਇਸ ਦੇ ਨਾਲ ਪੰਜਾਬ ਇਹ ਵੀ ਕਹਿੰਦਾ ਆਇਆ ਹੈ ਕਿ ਪਾਣੀ ਦੀ ਉਪਲੱਬਧਤਾ ਦੇ ਪੁਰਾਣੇ ਅੰਕੜਿਆਂ ਨੂੰ ਅੱਜ ਦੀ ਹਕੀਕਤ ਨਹੀਂ ਮੰਨਿਆ ਜਾ ਸਕਦਾ। ਮੌਸਮੀ ਤਬਦੀਲੀ, ਘੱਟ ਰਹੀ ਦਰਿਆਈ ਆਮਦ, ਧਰਤੀ ਹੇਠਲੇ ਪਾਣੀ ਦਾ ਡਿੱਗਦਾ ਪੱਧਰ ਅਤੇ ਖੇਤੀ ਦੀਆਂ ਬਦਲਦੀਆਂ ਲੋੜਾਂ ਨੇ ਪੁਰਾਣੀਆਂ ਗਣਨਾਵਾਂ ਨੂੰ ਮੁੜ ਜਾਂਚਣ ਦੀ ਲੋੜ ਪੈਦਾ ਕਰ ਦਿੱਤੀ ਹੈ।

ਪਰ ਇੱਥੇ ਇੱਕ ਮਹੱਤਵਪੂਰਨ ਗੱਲ ਸਮਝਣੀ ਪਵੇਗੀ, ਸਿਰਫ਼ "riparian principle" ਕਹਿ ਦੇਣ ਨਾਲ ਮੌਜੂਦਾ ਕਾਨੂੰਨੀ ਵਿਵਸਥਾ ਆਪਣੇ ਆਪ ਖ਼ਤਮ ਨਹੀਂ ਹੋ ਜਾਂਦੀ। ਪੰਜਾਬ ਅਤੇ ਹਰਿਆਣਾ ਵਿਚਕਾਰ ਪਾਣੀ ਦੀ ਵੰਡ ਕਈ ਕਾਨੂੰਨੀ, ਪ੍ਰਸ਼ਾਸਕੀ ਅਤੇ ਨਿਆਂਇਕ ਫੈਸਲਿਆਂ ਨਾਲ ਜੁੜ ਚੁੱਕੀ ਹੈ।

2004 ਦਾ ਪੰਜਾਬ ਕਾਨੂੰਨ ਅਤੇ ਸੁਪਰੀਮ ਕੋਰਟ ਕੇਸ ਦਰਜ ਹੋਇਆ ਸੀ। 2004 ਵਿੱਚ ਪੰਜਾਬ ਨੇ Punjab Termination of Agreements Act ਪਾਸ ਕਰਕੇ ਰਾਵੀ–ਬਿਆਸ ਪਾਣੀਆਂ ਸਬੰਧੀ ਪੁਰਾਣੇ ਸਮਝੌਤਿਆਂ ਤੋਂ ਆਪਣੇ ਆਪ ਨੂੰ ਮੁਕਤ ਕਰਨ ਦੀ ਕੋਸ਼ਿਸ਼ ਕੀਤੀ।

ਪਰ 2016 ਵਿੱਚ ਸੁਪਰੀਮ ਕੋਰਟ ਨੇ ਰਾਸ਼ਟਰਪਤੀ ਵੱਲੋਂ ਕੀਤੇ ਸੰਵਿਧਾਨਕ ਰੈਫਰੈਂਸ ਵਿੱਚ ਇਸ ਕਾਨੂੰਨ ਨੂੰ ਸੰਵਿਧਾਨ ਦੇ ਅਨੁਕੂਲ ਨਾ ਮੰਨਿਆ। ਇਸ ਲਈ ਇਹ ਕਹਿਣਾ ਸਹੀ ਨਹੀਂ ਹੋਵੇਗਾ ਕਿ ਪੰਜਾਬ ਨੇ 2004 ਦਾ ਕਾਨੂੰਨ ਬਣਾ ਕੇ ਪੁਰਾਣੇ ਪਾਣੀ ਸਮਝੌਤੇ ਕਾਨੂੰਨੀ ਤੌਰ 'ਤੇ ਖ਼ਤਮ ਕਰ ਦਿੱਤੇ। ਸੁਪਰੀਮ ਕੋਰਟ ਦੇ 2023 ਦੇ ਇੱਕ ਆਦੇਸ਼ ਵਿੱਚ ਵੀ ਇਹ ਦਰਜ ਹੋਇਆ ਕਿ ਪੰਜਾਬ ਇਸ ਕਾਨੂੰਨ ਉੱਤੇ ਭਰੋਸਾ ਨਹੀਂ ਕਰ ਸਕਦਾ ਅਤੇ ਦੋਵਾਂ ਸੂਬਿਆਂ ਨੂੰ give and take ਦੀ ਭਾਵਨਾ ਨਾਲ ਗੱਲਬਾਤ ਕਰਕੇ ਹੱਲ ਲੱਭਣਾ ਚਾਹੀਦਾ ਹੈ। ਇਹ ਤੱਥ ਪੰਜਾਬ ਦੀ ਰਾਜਨੀਤੀ ਵਿੱਚ ਅਕਸਰ ਨਾਅਰੇ ਦੇ ਪਿੱਛੇ ਲੁਕ ਜਾਂਦਾ ਹੈ। ਅਸਲ ਚੁਣੌਤੀ ਹੁਣ ਕੀ ਹੈ?

ਪਹਿਲਾ ਸਵਾਲ ਇਹ ਹੈ ਕਿ ਪਾਣੀ ਹੈ ਹੀ ਕਿੰਨਾ? ਇਹ ਸਭ ਤੋਂ ਵੱਡਾ ਸਵਾਲ ਹੈ। ਪੁਰਾਣੇ ਸਮੇਂ ਦੇ ਦਰਿਆਈ ਵਹਾਅ ਦੇ ਅੰਕੜਿਆਂ ਦੇ ਆਧਾਰ 'ਤੇ ਅੱਜ ਦੇ ਪਾਣੀ ਦੀ ਵੰਡ ਕਰਨਾ ਕਿੰਨਾ ਵਿਗਿਆਨਕ ਹੈ? ਜੇ ਦਰਿਆ ਵਿੱਚ ਪਾਣੀ ਹੀ ਘੱਟ ਰਿਹਾ ਹੈ ਤਾਂ ਪੁਰਾਣੇ ਹਿੱਸੇ ਵੰਡਣ ਦੀ ਬਹਿਸ ਨਾਲ ਨਵਾਂ ਪਾਣੀ ਪੈਦਾ ਨਹੀਂ ਹੋਣਾ। ਇਸ ਲਈ ਪਹਿਲਾ ਕੰਮ ਹੋਣਾ ਚਾਹੀਦਾ ਹੈ ਨਵੇਂ, ਪਾਰਦਰਸ਼ੀ ਅਤੇ ਵਿਗਿਆਨਕ ਹਾਈਡ੍ਰੋਲੋਜੀਕਲ ਅੰਕੜਿਆਂ ਨਾਲ ਰਾਵੀ–ਬਿਆਸ–ਸਤਲੁਜ ਦੇ ਪਾਣੀ ਦੀ ਅਸਲ ਉਪਲੱਬਧਤਾ ਦੀ ਮੁੜ ਜਾਂਚ।

ਇਸ ਦੇ ਨਾਲ ਜੁੜਿਆ ਦੂਸਰਾ ਸਵਾਲ ਹੈ ਕਿ ਪੰਜਾਬ ਦਾ ਆਪਣਾ ਧਰਤੀ ਹੇਠਲਾ ਪਾਣੀ ਕਿੰਨਾ ਕੁ ਹੈ। ਦਰਿਆਈ ਪਾਣੀਆਂ ਦੀ ਬਹਿਸ ਕਰਦਿਆਂ ਅਸੀਂ ਸਭ ਤੋਂ ਵੱਡੀ ਗੱਲ ਭੁੱਲ ਜਾਂਦੇ ਹਾਂ ਕਿ ਪੰਜਾਬ ਦਾ ਧਰਤੀ ਹੇਠਲਾ ਪਾਣੀ ਕਿੰਨਾ ਕੁ ਬਚਿਆ ਹੈ? ਕਈ ਇਲਾਕਿਆਂ ਵਿੱਚ ਟਿਊਬਵੈੱਲਾਂ ਨੇ ਧਰਤੀ ਦੇ ਅੰਦਰਲੇ ਪਾਣੀ ਨੂੰ ਇਸ ਹੱਦ ਤੱਕ ਖਿੱਚਿਆ ਹੈ ਕਿ ਅੱਜ ਪਾਣੀ ਦੀ ਸਮੱਸਿਆ ਸਿਰਫ਼ ਸ਼ੈਲ਼ ਜਾਂ ਰਾਜਸਥਾਨ ਨੂੰ ਪਾਣੀ ਦੇਣ ਦੀ ਸਮੱਸਿਆ ਨਹੀਂ ਰਹੀ। ਸਗੋਂ ਇਹ ਪੰਜਾਬ ਦੇ ਘਰ–ਘਰ ਦੀ ਸਮੱਸਿਆ ਬਣ ਚੁੱਕੀ ਹੈ। ਜੇ ਪੰਜਾਬ ਦਰਿਆਈ ਪਾਣੀ ਦੇ ਹੱਕ ਦੀ ਗੱਲ ਕਰਦਾ ਹੈ ਪਰ ਆਪਣੇ ਹੀ ਧਰਤੀ ਹੇਠਲੇ ਪਾਣੀ ਨੂੰ ਬੇਤਰਤੀਬੀ ਨਾਲ ਖਿੱਚਦਾ ਰਹਿੰਦਾ ਹੈ ਤਾਂ ਇਹ ਅਧੂਰੀ ਪਾਣੀ ਨੀਤੀ ਹੋਵੇਗੀ।

ਪੰਜਾਬ ਦੇ ਪਾਣੀਆਂ ਦੇ ਨਾਲ ਜੁੜਿਆ ਤੀਜਾ ਸਵਾਲ ਇਹ ਹੈ ਕਿ ਝੋਨੇ ਦੀ ਖੇਤੀ ਅਤੇ ਪਾਣੀ ਦੀ ਵਰਤੋਂ ਕਿੰਨੀ ਕੀਤੀ ਜਾਂਦੀ ਹੈ। ਪੰਜਾਬ ਦੀ ਖੇਤੀ ਪ੍ਰਣਾਲੀ ਨੂੰ ਵੀ ਪਾਣੀ ਦੇ ਸਵਾਲ ਤੋਂ ਵੱਖ ਨਹੀਂ ਕੀਤਾ ਜਾ ਸਕਦਾ। ਝੋਨੇ ਨੇ ਪੰਜਾਬ ਨੂੰ ਅਨਾਜ ਸੁਰੱਖਿਆ ਵਿੱਚ ਵੱਡਾ ਯੋਗਦਾਨ ਦਿੱਤਾ, ਪਰ ਇਸ ਨਾਲ ਧਰਤੀ ਹੇਠਲੇ ਪਾਣੀ ਉੱਤੇ ਭਾਰੀ ਦਬਾਅ ਵੀ ਪਿਆ। ਇਸ ਲਈ ਭਵਿੱਖ ਦਾ ਸਵਾਲ ਇਹ ਨਹੀਂ ਹੋਣਾ ਚਾਹੀਦਾ ਹੈ ਕਿ "ਪਾਣੀ ਕਿਸ ਨੂੰ ਮਿਲੇ?" ਸਵਾਲ ਇਹ ਵੀ ਹੋਣਾ ਚਾਹੀਦਾ ਹੈ ਕਿ "ਜਿੰਨਾ ਪਾਣੀ ਹੈ, ਉਸ ਨਾਲ ਕਿਹੜੀ ਫ਼ਸਲ ਅਤੇ ਕਿਹੜੀ ਖੇਤੀ ਪ੍ਰਣਾਲੀ ਟਿਕਾਊ ਹੈ?" ਫਿਰ ਸੰਭਾਵਨਾ ਕਿੱਥੇ ਹੈ? ਇੱਥੇ ਸਭ ਤੋਂ ਮਹੱਤਵਪੂਰਨ ਗੱਲ ਹੈ। ਪਾਣੀ ਦਾ ਮਸਲਾ ਸਿਰਫ਼ ਜ਼ੀਰੋ–ਸਮ ਗੇਮ ਨਹੀਂ ਹੋਣਾ ਚਾਹੀਦਾ ਕਿ ਇੱਕ ਸੂਬਾ ਜਿੱਤੇ ਤਾਂ ਦੂਜਾ ਹਾਰੇ। ਸੰਭਾਵਨਾ ਨੰਬਰ ਇੱਕ ਹੈ ਕਿ ਨਵੀਂ ਵਿਗਿਆਨਕ ਗਣਨਾ ਕੀ ਹੈ?

ਰਾਵੀ–ਬਿਆਸ ਦੇ ਪਾਣੀ ਦੀ ਉਪਲਬਧਤਾ, ਮੌਸਮੀ ਤਬਦੀਲੀ, ਵਰਖਾ, ਬਰਫ਼ ਪਿਘਲਣ, ਦਰਿਆਈ ਵਹਾਅ ਅਤੇ ਭਵਿੱਖ ਦੀਆਂ ਲੋੜਾਂ ਨੂੰ ਧਿਆਨ ਵਿੱਚ ਰੱਖ ਕੇ ਨਵਾਂ Water Audit ਕੀਤਾ ਜਾਵੇ।

ਪੁਰਾਣੇ ਅੰਕੜਿਆਂ ਨੂੰ ਪਵਿੱਤਰ ਗਾਂ ਬਣਾਉਣ ਦੀ ਬਜਾਏ ਨਵੇਂ ਵਿਗਿਆਨ ਨੂੰ ਆਧਾਰ ਬਣਾਇਆ ਜਾਵੇ।

ਸੰਭਾਵਨਾ ਨੰਬਰ ਦੋ ਹੈ ਕਿ ਪਾਣੀ ਦੀ ਬਰਬਾਦੀ ਰੋਕੀ ਕਿਵੇਂ ਜਾਵੇ? ਜਿਵੇਂ ਨਹਿਰਾਂ ਦੀ ਮੁਰੰਮਤ, ਲਾਈਨਿੰਗ, ਖੇਤਾਂ ਤੱਕ ਪਾਣੀ ਦੀ ਕੁਸ਼ਲ ਪਹੁੰਚ, ਫ਼ਸਲੀ ਵਿਭਿੰਨਤਾ ਅਤੇ ਮਾਈਕ੍ਰੋ–ਇਰੀਗੇਸ਼ਨ ਵਰਗੇ ਤਰੀਕੇ ਅਪਣਾਏ ਜਾਣ। ਜਿਹੜਾ ਪਾਣੀ ਬਚ ਸਕਦਾ ਹੈ, ਉਹ ਵੀ ਨਵੇਂ ਪਾਣੀ ਦੇ ਬਰਾਬਰ ਮਹੱਤਵ ਰੱਖਦਾ ਹੈ।

ਸੰਭਾਵਨਾ ਨੰਬਰ ਤਿੰਨ— ਹੈ ਕਿ ਪੰਜਾਬ–ਹਰਿਆਣਾ ਸਾਂਝਾ ਪਾਣੀ ਕਮਿਸ਼ਨ ਬਣੇ। ਜਿਹੜਾ ਦੋਵਾਂ ਸੂਬਿਆਂ ਵਿਚਕਾਰ ਸਿਆਸੀ ਬਿਆਨਾਂ ਦੀ ਥਾਂ ਇੱਕ ਸਾਂਝਾ ਵਿਗਿਆਨਕ ਅਤੇ ਤਕਨੀਕੀ ਮੰਚ ਬਣੇ, ਜਿਸ ਵਿੱਚ ਹਾਈਡ੍ਰੋਲੋਜਿਸਟ, ਖੇਤੀ ਮਾਹਿਰ, ਵਾਤਾਵਰਣ ਵਿਗਿਆਨੀ ਅਤੇ ਕਾਨੂੰਨੀ ਮਾਹਿਰ ਸ਼ਾਮਲ ਹੋਣ। ਇਸ ਦੀਆਂ ਰਿਪੋਰਟਾਂ ਜਨਤਕ ਕੀਤੀਆਂ ਜਾਣ। ਪਾਣੀ ਦਾ ਹਿਸਾਬ ਗੁਪਤ ਫਾਈਲਾਂ ਵਿੱਚ ਨਹੀਂ, ਲੋਕਾਂ ਦੇ ਸਾਹਮਣੇ ਹੋਵੇ।

ਬੁੱਧ ਸਿੰਘ ਨੀਲੋਂ
94643–70823

2026 ਦੀ ਇੱਕ ਨਵੀਂ ਸੰਭਾਵਨਾ ਇਹ ਹੈ ਕਿ ਇਸ ਵਿਵਾਦ ਵਿੱਚ ਇੱਕ ਮਹੱਤਵਪੂਰਨ ਤਾਜ਼ਾ ਵਿਕਾਸ ਵੀ ਸਾਹਮਣੇ ਆਇਆ ਹੈ। ਅਗਸਤ 2026 ਵਿੱਚ ਸੁਪਰੀਮ ਕੋਰਟ ਨੂੰ ਦੱਸਿਆ ਗਿਆ ਕਿ ਪੰਜਾਬ ਅਤੇ ਹਰਿਆਣਾ ਵਿਚਕਾਰ ਗੱਲਬਾਤ ਅੱਗੇ ਵਧ ਰਹੀ ਹੈ ਅਤੇ ਕੇਂਦਰ ਨੇ ਦੋਵਾਂ ਸੂਬਿਆਂ ਵਿੱਚ ਕਿਸੇ ਸਾਂਝੇ ਰੁਖ ਵੱਲ ਵੱਧਣ ਦੀ ਸੰਭਾਵਨਾ ਬਾਰੇ ਅਦਾਲਤ ਨੂੰ ਜਾਣਕਾਰੀ ਦਿੱਤੀ। ਇਸ ਨੂੰ ਤੁਰੰਤ "ਮਸਲਾ ਹੱਲ ਹੋ ਗਿਆ" ਨਹੀਂ ਕਿਹਾ ਜਾ ਸਕਦਾ। ਪਰ ਇਹ ਜ਼ਰੂਰ ਦੱਸਦਾ ਹੈ ਕਿ ਲਗਾਤਾਰ ਟਕਰਾਅ ਤੋਂ ਇਲਾਵਾ ਗੱਲਬਾਤ ਦਾ ਰਸਤਾ ਵੀ ਮੌਜੂਦ ਹੈ। ਪੰਜਾਬ ਨੂੰ ਆਪਣੀ ਗੱਲ ਕਿਵੇਂ ਰੱਖਣੀ ਚਾਹੀਦੀ ਹੈ? ਪੰਜਾਬ ਨੂੰ ਨਾ ਤਾਂ ਭਾਵਨਾਤਮਕ ਨਾਅਰਿਆਂ ਵਿੱਚ ਫਸਣਾ ਚਾਹੀਦਾ ਹੈ ਅਤੇ ਨਾ ਹੀ ਆਪਣੇ ਹੱਕਾਂ ਤੋਂ ਪਿੱਛੇ ਹਟਣਾ ਚਾਹੀਦਾ ਹੈ। ਪੰਜਾਬ ਦੀ ਮੰਗ ਤਿੰਨ ਥੰਮ੍ਹਾਂ ਉੱਤੇ ਖੜ੍ਹੀ ਹੋਣੀ ਚਾਹੀਦੀ ਹੈ ਕਿ ਕਾਨੂੰਨ, ਵਿਗਿਆਨ ਤੇ ਪੰਜਾਬ ਦਾ ਵਾਤਾਵਰਣਕ ਤੇ ਖੇਤੀਬਾੜੀ ਹੱਕ। ਇਹ ਤਿੰਨੇ ਇਕੱਠੇ ਹੋਣ ਤਾਂ ਪੰਜਾਬ ਦੀ ਦਲੀਲ ਮਜ਼ਬੂਤ ਹੋਵੇਗੀ।

ਕੇਵਲ ਇਹ ਕਹਿਣਾ ਕਿ "ਪਾਣੀ ਦੀ ਇੱਕ ਬੂੰਦ ਨਹੀਂ ਦੇਣੀ" ਕੋਈ ਲੰਮੀ ਮਿਆਦ ਦੀ ਪਾਣੀ ਨੀਤੀ ਨਹੀਂ ਅਤੇ ਦੂਜੇ ਪਾਸੇ ਇਹ ਵੀ ਠੀਕ ਨਹੀਂ ਕਿ "ਜੋ ਹਿੱਸਾ ਮੰਗਿਆ ਜਾ ਰਿਹਾ ਹੈ, ਦੇ ਦਿਓ", ਬਿਨਾਂ ਇਹ ਦੇਖੇ ਕਿ ਪੰਜਾਬ ਦੀ ਆਪਣੀ ਪਾਣੀ ਸਥਿਤੀ ਕੀ ਹੈ। ਆਖ਼ਰੀ ਗੱਲ ਇਹ ਹੈ ਕਿ ਪੰਜਾਬ ਦੇ ਦਰਿਆ ਅੱਜ ਸਿਰਫ਼ ਪੰਜਾਬ ਦਾ ਸਵਾਲ ਨਹੀਂ ਰਹੇ। ਇਹ ਉੱਤਰੀ ਭਾਰਤ ਦੇ ਭਵਿੱਖ ਦਾ ਸਵਾਲ ਹਨ। ਦਰਿਆ ਵੰਡੇ ਜਾ ਸਕਦੇ ਹਨ, ਪਰ ਪਾਣੀ ਦੀ ਘਾਟ ਨਹੀਂ ਵੰਡੀ ਜਾ ਸਕਦੀ। ਜੇ ਅੱਜ ਪੰਜਾਬ, ਹਰਿਆਣਾ ਅਤੇ ਰਾਜਸਥਾਨ ਇੱਕ–ਦੂਜੇ ਦੇ ਹਿੱਸੇ ਦੀ ਗਿਣਤੀ ਕਰਦੇ ਰਹੇ ਪਰ ਦਰਿਆਵਾਂ ਦੀ ਘਟਦੀ ਧਾਰ, ਧਰਤੀ ਹੇਠਲੇ ਪਾਣੀ ਅਤੇ ਬਦਲਦੇ ਮੌਸਮ ਦੀ ਗਿਣਤੀ ਨਾ ਕੀਤੀ ਤਾਂ ਆਉਣ ਵਾਲੀਆਂ ਪੀੜ੍ਹੀਆਂ ਸਾਡੇ ਸਮਝੌਤਿਆਂ ਦੀ ਨਹੀਂ, ਸਾਡੀ ਅਣਦੂਰਦਰਸ਼ਤਾ ਦੀ ਕੀਮਤ ਭਰਨਗੀਆਂ। ਇਸ ਲਈ ਹੁਣ ਮਸਲਾ ਸਿਰਫ਼ ਸ਼ੈਲ਼ ਦੀ ਨਹਿਰ ਦਾ ਨਹੀਂ ਰਹਿਣਾ ਚਾਹੀਦਾ।

ਮਸਲਾ ਹੋਣਾ ਚਾਹੀਦਾ ਹੈ ਕਿ ਪੰਜਾਬ ਦਾ ਪਾਣੀ ਕਿੰਨਾ ਹੈ? ਪੰਜਾਬ ਨੂੰ ਕਿੰਨਾ ਚਾਹੀਦਾ ਹੈ? ਕਿੰਨਾ ਪਾਣੀ ਬਚ ਸਕਦਾ ਹੈ? ਕਿੰਨੀ ਖੇਤੀ ਬਦਲਣੀ ਪਵੇਗੀ? ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਕਿੰਨਾ ਪਾਣੀ ਬਚਾਉਣਾ ਹੈ? ਪਾਣੀ ਉੱਤੇ ਰਾਜਨੀਤੀ ਬਹੁਤ ਹੋ ਚੁੱਕੀ। ਹੁਣ ਪਾਣੀ ਉੱਤੇ ਵਿਗਿਆਨ, ਕਾਨੂੰਨ ਅ

ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦਾ ਪ੍ਰੋ. ਅਤੈ ਸਿੰਘ ਨਾਲ ਰੂ-ਬ-ਰੂ ਸਮਾਗਮ

'ਸਾਹਿਤ ਤੇ ਸੱਭਿਆਚਾਰ ਦਾ ਪੰਜਾਬੀ ਬੋਲੀ ਨਾਲ ਸਰੋਕਾਰ' ਵਿਸ਼ੇ 'ਤੇ ਭਾਸ਼ਨ ਤੇ ਕਵੀ-ਦਰਬਾਰ ਹੋਇਆ

ਬਰੈਂਪਟਨ, (ਡਾ. ਝੰਡ) – ਲੰਘੇ ਐਤਵਾਰ 18 ਅਕਤੂਬਰ ਨੂੰ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਵੱਲੋਂ ਪੰਜਾਬੀ ਦੇ ਉੱਘੇ ਵਿਦਵਾਨ ਪ੍ਰੋ. ਅਤੈ ਸਿੰਘ ਨਾਲ ਕੀਤਾ ਰੂ-ਬ-ਰੂ ਸਮਾਗਮ ਆਯੋਜਿਤ ਕੀਤਾ ਗਿਆ। ਇਸ ਦੌਰਾਨ ਪ੍ਰੋ. ਅਤੈ ਸਿੰਘ ਨੇ ਸਾਹਿਤ ਤੇ ਸੱਭਿਆਚਾਰ ਦਾ ਪੰਜਾਬੀ ਬੋਲੀ ਨਾਲ ਸਰੋਕਾਰ ਸਬੰਧਿਤ ਅੱਧਾ ਘੰਟਾ ਭਾਵਪੂਰਤ ਭਾਸ਼ਨ ਦਿੱਤਾ, ਜਿਸ ਨੂੰ ਸਰੋਤਿਆਂ ਨੇ ਸਾਹ ਸੂਤ ਕੇ ਸੁਣਿਆਂ। ਉਪਰੰਤ, ਕਈ ਵਿਦਵਾਨਾਂ ਵੱਲੋਂ ਇਸ ਸਬੰਧੀ ਆਪਣੇ ਵਿਚਾਰ ਪੇਸ਼ ਕੀਤੇ ਗਏ। ਇਸ ਮੌਕੇ ਪ੍ਰਧਾਨਗੀ-ਮੰਡਲ ਵਿੱਚ ਪ੍ਰੋ. ਅਤੈ ਸਿੰਘ ਦੇ ਨਾਲ ਪ੍ਰੋ. ਰਾਮ ਸਿੰਘ, ਸਤਪਾਲ ਸਿੰਘ ਜੌਹਲ ਅਤੇ ਸਭਾ ਦੇ ਚੇਅਰਪਰਸਨ ਕਰਨ ਅਜਾਇਬ ਸਿੰਘ ਸੰਘਾ ਸ਼ਾਮਲ ਸਨ। ਇਸ ਤੋਂ ਪਹਿਲਾਂ ਸਮਾਗਮ ਦੇ ਆਰੰਭ 'ਚ ਤੋਂ ਅੰਮ੍ਰਿਤਸਰ ਤੋਂ ਪ੍ਰਕਾਸ਼ਿਤ ਹੋ ਰਹੇ ਰਿਸਾਲੇ 'ਮੇਘਲਾ' ਦਾ 'ਮਲਵਿੰਦਰ ਵਿਸ਼ੇਸ਼ ਅੰਕ' ਲੋਕ-ਅਰਪਿਤ ਕੀਤਾ ਗਿਆ।

ਸਮਾਗ਼ਮ ਦੇ ਆਰੰਭ ਵਿੱਚ ਸਭਾ ਦੇ ਸਰਪ੍ਰਸਤ ਬਲਰਾਜ ਚੀਮਾ ਨੇ ਸਮਾਗਮ ਦੇ ਮੁੱਖ-ਬੁਲਾਰੇ ਪ੍ਰੋ. ਅਤੈ ਸਿੰਘ, ਸਮੂਹ ਮੈਂਬਰਾਂ ਤੇ ਮਹਿਮਾਨਾਂ ਦਾ ਸੁਆਗ਼ਤ ਕਰਦਿਆਂ ਉਨ੍ਹਾਂ ਨੂੰ ਜੀ-ਆਇਆਂ ਕਿਹਾ। ਉਪਰੰਤ, ਮੰਚ-ਸੰਚਾਲਕ ਪ੍ਰੋ. ਤਲਵਿੰਦਰ ਸਿੰਘ ਮੰਡ ਵੱਲੋਂ ਸਭਾ ਦੇ ਮੈਂਬਰ ਡਾ. ਸੁਖਦੇਵ ਸਿੰਘ ਝੰਡ ਨੂੰ ਪ੍ਰੋ. ਅਤੈ ਸਿੰਘ ਬਾਰੇ ਜਾਣ-ਪਛਾਣ ਵਜੋਂ ਕੁਝ ਸ਼ਬਦ ਕਹਿਣ ਲਈ ਸੱਦਾ ਦਿੱਤਾ ਗਿਆ, ਜਿਨ੍ਹਾਂ ਨੇ ਪ੍ਰੋ. ਅਤੈ ਸਿੰਘ ਬਾਰੇ ਦੱਸਦਿਆਂ ਕਿਹਾ ਕਿ ਉਹ ਪੰਜਾਬ ਦੇ ਅਜੋਕੇ ਜ਼ਿਲੇ ਤਰਨ ਤਾਰਨ (ਪਹਿਲਾਂ ਅੰਮ੍ਰਿਤਸਰ) ਦੇ ਪਿੰਡ 'ਬੁਰਜ ਨੱਥੂ ਕੇ' ਦੇ ਜੰਮ-ਪਲ ਹਨ। ਪਿੰਡ ਦੇ ਸਕੂਲ ਤੋਂ ਮੈਟ੍ਰਿਕ ਕਰਨ ਤੋਂ ਬਾਅਦ ਉਨ੍ਹਾਂ ਨੇ ਬੀ.ਏ. ਗੁਰੂ ਗੋਬਿੰਦ ਸਿੰਘ ਕਾਲਜ ਸਰਹਾਲੀ ਤੋਂ ਕੀਤੀ, ਜਿਸ ਨੂੰ 'ਚੋਰਾਂ ਵਾਲੀ ਸਰਹਾਲੀ' ਵੀ ਕਿਹਾ ਜਾਂਦਾ ਹੈ। ਉਂਜ, 'ਗੁਰੂ ਨਾਨਕ ਜਹਾਜ਼' (ਕਾਮਾਗਾਟਾ ਮਾਰੂ) ਨੂੰ ਕੈਨੇਡਾ ਲਿਜਾਣ ਵਾਲੇ 'ਮਹਾਨ ਨਾਇਕ' ਬਾਬਾ ਗੁਰਦਿੱਤ ਸਿੰਘ ਵੀ ਏਸੇ ਇਤਿਹਾਸਕ ਪਿੰਡ ਦੇ ਵਸਨੀਕ ਸਨ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਪੰਜਾਬੀ ਵਿੱਚ ਐੱਮ.ਏ. ਤੇ ਐੱਮ.ਫ਼ਿਲ. ਕਰਨ ਤੋਂ ਬਾਅਦ ਉਹ ਪੰਜਾਬ ਦੇ ਵੱਖ-ਵੱਖ ਸਰਕਾਰੀ ਕਾਲਜਾਂ ਵਿੱਚ ਪ੍ਰੋਫ਼ੈਸਰ ਰਹੇ ਅਤੇ ਪੰਜਾਬੀ ਕਵਿਤਾ, ਨਾਟਕ, ਜੀਵਨੀ ਅਤੇ ਆਲੋਚਨਾ ਦੇ ਖ਼ੇਤਰਾਂ ਵਿੱਚ ਮਹੱਤਵਪੂਰਨ ਕਾਰਜ ਕਰਨ ਦੇ ਨਾਲ-ਨਾਲ ਉਨ੍ਹਾਂ ਜਲੰਧਰ ਦੂਰ-ਦਰਸ਼ਨ ਤੋਂ 'ਕੱਚ ਦੀਆਂ ਮੁੰਦਰਾਂ' ਸਿਰਲੇਖ ਹੇਠ ਕਈ ਸਾਹਿਤਕ ਪ੍ਰੋਗਰਾਮ ਪੇਸ਼ ਕੀਤੇ ਅਤੇ ਪੰਜਾਬੀ ਕਹਾਣੀਆਂ ਦੇ ਆਧਾਰਿਤ ਕਈ ਨਾਟਕ ਲਿਖੇ, ਜਿਨ੍ਹਾਂ ਦਾ ਦੂਰ-ਦਰਸ਼ਨ 'ਤੇ ਸਫ਼ਲ ਮੰਚਨ ਹੋਇਆ।

ਪ੍ਰੋ. ਅਤੈ ਸਿੰਘ ਨੇ ਬੋਲੀ, ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਬਾਰੇ ਗੱਲ ਕਰਦਿਆਂ ਕਿਹਾ ਕਿ 'ਬੋਲੀ' ਬੋਲੇ ਜਾਣ ਦਾ 'ਜ਼ਰੀਹਾ' ਜਾਂ 'ਸਾਧਨ' ਹੈ, ਜਦਕਿ ਭਾਸ਼ਾ ਅਤੇ ਸਾਹਿਤ ਇਸ ਦੇ ਲਿਖਤੀ ਰੂਪ ਹਨ। ਸਾਹਿਤ ਕਿਸੇ ਭਾਸ਼ਾ ਵਿੱਚ ਲਿਖਿਆ ਜਾਂਦਾ ਹੈ, ਜਦਕਿ ਖਾਣ-ਪੀਣ, ਪਾਉਣ-ਹੰਢਾਉਣ ਤੇ ਗੌਣ-ਵਜਾਉਣ ਦਾ ਸਿਲਸਿਲਾ ਸੱਭਿਆਚਾਰ ਅਖਵਾਉਂਦਾ ਹੈ। ਉਨ੍ਹਾ ਦੱਸਿਆ ਕਿ 'ਸੱਚ' ਦੇ ਸਮਾਨਅੰਤਰ ਸਿਰਜਿਆ ਜਾਂਦਾ ਸੱਚ ਸੰਸਾਰ ਵਿਚਲਾ 'ਸਾਹਿਤ' ਹੈ। ਇਸਦੀ ਇੱਕ ਉਦਾਹਰਨ ਦਿੰਦਿਆਂ ਉਨ੍ਹਾਂ ਕਿਹਾ ਕਿ ਇਸ ਸਾਲ ਆਈ ਪਾਕਿਸਤਾਨੀ ਸਫ਼ਰਨਾਮੇ ਬਾਰੇ ਰਜਵੰਤ ਕੌਰ ਸੰਧੂ ਦੀ ਪੁਸਤਕ 'ਮੇਰੇ ਪਿਤਾ ਦੀ ਕੁਰਸੀ' ਸਾਹਿਤਕ ਸੱਚ ਹੈ, ਜਿਸ ਨੂੰ ਅੰਗਰੇਜ਼ੀ ਵਾਲੇ 'ਪੋਇਟਿਕ ਟਰੁੱਥ' (ਫੋਇਟਿਚ ਠਰੁਟਹ) ਦਾ ਨਾਂ ਦਿੰਦੇ ਹਨ ਅਤੇ ਇਹ ਮਨੁੱਖ ਦੇ ਮੰਨਣ ਦੀ ਗੱਲ ਹੈ। ਬੋਲੀ ਬਾਰੇ ਉਨ੍ਹਾਂ ਹੋਰ ਕਿਹਾ ਕਿ ਇਹ ਬਾਹਰੋਂ ਕਿਤਿਉਂ ਨਹੀਂ ਆਉਂਦੀ, ਸਗੋਂ ਇਹ ਤਾਂ ਸਾਡੇ ਅੰਦਰੋਂ ਹੀ ਆਉਂਦੀ ਹੈ ਅਤੇ ਬੁੱਲਾਂ 'ਤੇ ਆਈ ਹੋਈ ਬੋਲੀ ਵਾਪਸ ਨਹੀਂ ਮੁੜਦੀ। ਇਸ ਦੀ ਪ੍ਰੋੜ੍ਹਤਾ ਵਜੋਂ ਉਨ੍ਹਾਂ ਵੱਲੋਂ ਪ੍ਰੋ. ਪੂਰਨ ਸਿੰਘ, ਡਾ. ਹਰਿਭਜਨ ਸਿੰਘ ਅਤੇ ਕਈ ਹੋਰ ਵਿਦਵਾਨਾਂ ਦੇ ਕਥਨਾਂ ਦੇ ਹਵਾਲੇ ਦਿੱਤੇ ਗਏ। ਉਨ੍ਹਾਂ ਕਿਹਾ ਕਿ ਬੋਲਣਾ, ਸੁਣਨਾ ਅਤੇ ਸੁਣਨ ਦੇ ਨਾਲ ਸਮਝਣਾ ਜ਼ਰੂਰੀ ਹੈ। ਪੰਜਾਬੀ ਭਾਸ਼ਾ ਦੀ ਗੱਲ ਕਰਦਿਆਂ ਉਨ੍ਹਾ ਕਿਹਾ ਕਿ ਇਹ 'ਵੇਦਾਂ' ਤੋ ਆਰੰਭ ਹੋ ਕੇ ਲੰਡੇ ਤੇ ਗੁਰਮੁਖੀ ਅੱਖਰਾਂ ਵਿੱਚੋਂ ਲੰਘਦੀ ਹੋਈ ਸਾਧ ਭਾਸ਼ਾ, ਭਗਤਾਂ, ਗੁਰੂਆਂ ਅਤੇ ਵਿਦਵਾਨਾਂ ਦੀ ਭਾਸ਼ਾ ਬਣੀ। ਇਸ ਵਿੱਚ ਪੁਰਾਤਨ, ਮੱਧ-ਕਾਲੀਨ ਅਤੇ ਅਜੋਕਾ ਸਾਹਿਤ ਰਚਿਆ ਗਿਆ ਜੋ ਅੱਜ ਸਾਡੇ ਸਾਹਮਣੇ ਹੈ। ਅਜੋਕੇ ਪੰਜਾਬੀ ਸਾਹਿਤ ਬਾਰੇ ਉਨ੍ਹਾਂ ਕਿਹਾ ਕਿ ਇਹ ਬੜਾ ਵਿਸ਼ਾਲ ਵਿਸ਼ਾ ਹੈ ਅਤੇ ਇਸ ਦੇ ਬਾਰੇ ਗੱਲ ਕਰਨ ਲਈ ਖੁੱਲ੍ਹਾ ਸਮਾਂ ਚਾਹੀਦਾ ਹੈ।

ਇਸ ਵਿਸ਼ੇ ਨੂੰ ਅੱਗੇ ਤੋਰਦਿਆਂ ਪ੍ਰੋ. ਰਾਮ ਸਿੰਘ ਨੇ ਕਿਹਾ ਕਿ ਬੋਲੀ ਅਤੇ ਭਾਸ਼ਾ ਦੋਵੇਂ ਵੱਖੋ-ਵੱਖਰੀਆਂ ਹਨ। ਬੋਲੀ ਬੋਲਣ ਦਾ ਵਿਸ਼ਾ ਹੈ। ਇਸ ਨੂੰ ਸੰਵਾਰਿਆ ਅਤੇ ਲਿਖਿਆ ਜਾਂਦਾ ਹੈ ਅਤੇ ਲਿਖਤ ਰੂਪ ਵਿੱਚ ਇਸ ਦੀ 'ਭਾਸ਼ਾ' ਵਜੋਂ ਸਿਰਜਣਾ ਹੁੰਦੀ ਹੈ। ਉਨ੍ਹਾਂ ਕਿਹਾ ਕਿ ਭਾਸ਼ਾ ਤੋਂ ਬਿਨਾਂ ਸਾਹਿਤ ਸੰਭਵ ਨਹੀਂ ਹੈ ਅਤੇ ਸੱਭਿਆਚਾਚਾਰ ਤੋਂ ਬਿਨਾਂ ਵੀ ਸਾਹਿਤ ਵੀ ਨਹੀਂ ਰਚਿਆ ਜਾ ਸਕਦਾ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਬੋਲੀ, ਭਾਸ਼ਾ ਅਤੇ ਸੱਭਿਆਚਾਰ ਦਾ ਬੜਾ ਗੂੜ੍ਹਾ ਆਪਸੀ ਸਬੰਧ ਹੈ। ਆਪਣੇ ਸੰਬੋਧਨ ਦੌਰਾਨ ਉਨ੍ਹਾਂ 1976-77 ਵਿੱਚ ਪ੍ਰਸਿੱਧ ਨਾਵਲਕਾਰ ਗੁਰਦਿਆਲ ਸਿੰਘ ਨੂੰ ਭੇਂਟ ਕੀਤੇ ਗਏ 'ਅਭਿਨੰਦਨ ਗ੍ਰੰਥ' ਬਾਰੇ ਵੀ ਚਰਚਾ ਕੀਤੀ ਜੋ ਪੰਜਾਬੀ ਭਾਸ਼ਾ, ਸਾਹਿਤ ਤੇ ਸੱਭਿਆਚਾਰ ਨਾਲ ਸਬੰਧਿਤ ਸੀ ਅਤੇ ਉਸ ਵਿੱਚ ਉਨ੍ਹਾਂ ਵੱਲੋਂ ਵੀ ਸਰਦਾ-ਪੁੱਜਦਾ ਯੋਗਦਾਨ ਪਾਇਆ ਗਿਆ ਸੀ। ਇਸ ਸਾਹਿਤਕ ਚਰਚਾ ਵਿੱਚ ਭਾਗ ਲੈਂਦਿਆਂ ਸਤਪਾਲ ਸਿੰਘ ਜੌਹਲ ਜੋ ਵਾਰਡ ਨੰਬਰ 9 ਤੇ 10 ਵਿੱਚੋਂ ਰੀਜਨਲ ਕੌਂਸਲਰ ਉਮੀਦਵਾਰ ਵਜੋਂ ਚੋਣ ਲੜ ਰਹੇ ਹਨ, ਨੇ ਕਿਹਾ ਇਹ ਵਿਚਾਰ-ਚਰਚਾ ਉਨ੍ਹਾਂ ਨੂੰ ਕਈ ਸਾਲ ਪਿੱਛੇ ਲੈ ਗਈ ਹੈ ਅਤੇ ਉਨ੍ਹਾਂ ਨੂੰ ਆਪਣੇ ਕਾਲਜ ਦੇ ਦਿਨ ਯਾਦ ਆ ਗਏ ਹਨ, ਜਦੋਂ ਉਹ ਆਪਣੇ ਪ੍ਰੋਫ਼ੈਸਰਾਂ ਕੋਲੋਂ ਪੰਜਾਬੀ, ਭਾਸ਼ਾ ਤੇ ਸੱਭਿਆਚਾਰ ਬਾਰੇ ਗੱਲਾਂ-ਬਾਤਾਂ ਸੁਣਿਆਂ ਕਰਦੇ ਸਨ। ਉਨ੍ਹਾਂ ਕਿਹਾ ਕਿ ਐੱਮ.ਏ. ਕਰਨ ਤੋਂ ਬਾਅਦ ਉਨ੍ਹਾਂ ਦਾ ਝੁਕਾਅ ਪੱਤਰਕਾਰੀ ਵੱਲ ਹੋ ਗਿਆ ਅਤੇ ਫਿਰ ਕੈਨੇਡਾ ਆ ਕੇ 2000 ਵਿੱਚ ਉਨ੍ਹਾਂ ਨੇ ਜਲੰਧਰ ਦੇ ਅਖ਼ਬਾਰ 'ਰੋਜ਼ਾਨਾ ਅਜੀਤ' ਨੂੰ ਕੈਨੇਡਾ ਦੀ ਇਮੀਗ੍ਰੇਸ਼ਨ ਬਾਰੇ ਵਿਸਤ੍ਰਿਤ ਲੇਖ ਲਿਖ ਕੇ ਭੇਜਿਆ ਜਿਸ ਵਿਚਲੀ ਜਾਣਕਾਰੀ ਨਾਲ ਪੰਜਾਬ ਤੋਂ ਕੈਨੇਡਾ ਆਉਣ ਵਾਲੇ ਚਾਹਵਾਨਾਂ ਨੂੰ ਕਾਫ਼ੀ ਫ਼ਾਇਦਾ ਹੋਇਆ। ਪ੍ਰੋ. ਜਗੀਰ ਸਿੰਘ ਕਾਹਲੋਂ ਨੇ ਇਸ ਦੌਰਾਨ ਪ੍ਰੋ. ਅਤੈ ਸਿੰਘ ਨਾਲ ਕਾਲਜ ਅਧਿਆਪਕ ਵਜੋਂ ਆਪਣੀ ਸਾਂਝ ਬਾਰੇ ਜ਼ਿਕਰ ਕਰਦਿਆਂ ਬੀਤੇ ਸਮੇਂ ਨੂੰ ਯਾਦ ਕੀਤਾ, ਜਦਕਿ ਮਲੂਕ ਸਿੰਘ ਕਾਹਲੋਂ ਵੱਲੋਂ ਪੰਜਾਬੀ ਭਾਸਾ ਨੂੰ ਹੋਰ ਪ੍ਰਫੁੱਲਤ ਕਰਨ ਲਈ ਅਮਲੀ ਤੌਰ 'ਤੇ ਉਪਰਾਲੇ ਕਤਾਰ ਸਿੰਘ ਮੁਲਤਾਨੀਨ ਬਾਰੇ ਆਪਣੇ ਵਿਚਾਰ ਪੇਸ਼ ਕੀਤੇ ਗਏ। ਸਮਾਗਮ ਦੇ ਇਸ ਪਹਿਲੇ ਸੈਸ਼ਨ ਨੂੰ ਕਰਨ ਅਜਾਇਬ ਸਿੰਘ ਸੰਘਾ ਵੱਲੋਂ ਸੰਖੇਪ ਰੂਪ ਵਿੱਚ ਸਮੇਟਦਿਆਂ ਹੋਇਆਂ ਸਮਾਗਮ ਦੇ ਬੁਲਾਰਿਆਂ ਅਤੇ ਸਰੋਤਿਆਂ ਦਾ ਧੰਨਵਾਦ ਕੀਤਾ ਗਿਆ।

ਸਮਾਗਮ ਦੇ ਦੂਸਰੇ ਸੈਸ਼ਨ ਵਿੱਚ ਕਵੀ ਦਰਬਾਰ ਦਾ ਸੰਚਾਲਨ ਪਰਮਜੀਤ ਸਿੰਘ ਢਿੱਲੋਂ ਵੱਲੋਂ ਕੀਤਾ ਗਿਆ। ਇਸ ਮੌਕੇ ਪ੍ਰਧਾਨਗੀ- ਮੰਡਲ ਵਿੱਚ ਕਵਿੱਤਰੀ ਅਮਰਜੀਤ ਕੌਰ ਦਾਖਾ, ਪ੍ਰੋ. ਆਸ਼ਿਕ ਰਹੀਲ ਅਤੇ ਸਭਾ ਦੇ ਮੈਂਬਰ ਡਾ. ਜਗਮੋਹਨ ਸਿੰਘ ਸੰਘਾ ਤੇ ਸੁਰਿੰਦਰਜੀਤ ਕੌਰ ਸ਼ਾਮਲ ਸਨ। ਕਵੀ-ਦਰਬਾਰ ਆਰੰਭ ਕਰਦਿਆਂ ਮੰਚ-ਸੰਚਾਲਕ ਵੱਲੋਂ ਸੱਭ ਤੋਂ ਪਹਿਲਾਂ ਜੱਸੀ ਭੁੱਲਰ ਢਪਾਲੀ ਨੂੰ ਮੰਚ 'ਤੇ ਆਉਣ ਦਾ ਸੱਦਾ ਦਿੱਤਾ ਗਿਆ ਜਿਸ ਨੇ ਆਪਣੇ ਪਿੰਡ ਨਾਲ ਜੁੜੀਆਂ ਹੋਈਆਂ ਯਾਦਾਂ ਸਬੰਧੀ ਖ਼ੂਬਸੂਰਤ ਸੁਣਾਈ। ਉਪਰੰਤ, ਵਾਰੋ-ਵਾਰੀ ਭੁਪਿੰਦਰ ਭੋਡੇ, ਸੁਖਚਰਨਜੀਤ ਗਿੱਲ, ਪ੍ਰੋ. ਅਤੈ ਸਿੰਘ, ਪ੍ਰੋ. ਜਗੀਰ ਸਿੰਘ ਕਾਹਲੋਂ, ਪ੍ਰਿੰ. ਗਿਆਨ ਸਿੰਘ ਘਈ, ਪ੍ਰਿੰ. ਸਵਿੰਦਰ ਸਿੰਘ ਚਾਹਲ, ਡਾ. ਸੁਖਦੇਵ ਸਿੰਘ ਝੰਡ, ਮਲਵਿੰਦਰ, ਨਵਰੀਤ ਪਾਬਲਾ, ਸੁਰਿੰਦਰ ਸੂਰ, ਰਾਜਕੁਮਾਰ ਓਸ਼ੋਰਾਜ, ਗੁਰਦਾਸ ਥਾਬਲ, ਬੌਬੀ ਪੰਧੇਰ, ਕਰਨ ਅਜਾਇਬ ਸਿੰਘ ਸੰਘਾ, ਹਰਜੀਤ ਸਿੰਘ, ਹਰਭਜਨ ਕੌਰ ਗਿੱਲ, ਪਰਮਜੀਤ ਦਿਓਲ, ਇਕਬਾਲ ਬਰਾੜ, ਹਰਮੇਸ਼ ਜਿੰਦੇਵਾਲ, ਦਿਵਰੂਪ ਸੰਧੂ, ਪਰਮਜੀਤ ਢਿੱਲੋਂ ਅਤੇ ਪ੍ਰਧਾਨਗੀ-ਮੰਡਲ ਵਿੱਚੋਂ ਅਮਰਜੀਤ ਦਾਖਾ, ਸੁਰਿੰਦਰਜੀਤ ਕੌਰ, ਪ੍ਰੋ. ਆਸ਼ਿਕ ਰਹੀਲ ਅਤੇ ਡਾ. ਜਗਮੋਹਨ ਸੰਘਾ ਵੱਲੋਂ ਆਪਣੀਆਂ ਕਵਿਤਾਵਾਂ ਤੇ ਗੀਤ ਪੇਸ਼ ਕੀਤੇ ਗਏ। ਸਮਾਗਮ 'ਚ ਚਾਹ-ਪਾਣੀ ਤੇ ਸਨੈਕਸ ਦੀ ਸੇਵਾ ਗੁਰਦਾਸ ਥਬਲ ਪਰਿਵਾਰ ਵੱਲੋਂ ਕੀਤੀ ਗਈ।

ਇਸ ਮੌਕੇ ਹਾਜ਼ਰੀਨ ਵਿੱਚ ਕਿਰਪਾਲ ਸਿੰਘ ਪੰਨੂੰ, ਐਡਵੋਕੇਟ ਦਰਸ਼ਨ ਸਿੰਘ ਦਰਸ਼ਨ, ਪ੍ਰੋ. ਸਿਕੰਦਰ ਸਿੰਘ ਗਿੱਲ, ਹਰਿੰਦਰ ਸਿੰਘ ਮੱਲ੍ਹੀ, ਪੱਤਰਕਾਰ ਹਰਜੀਤ ਬਾਜਵਾ, ਹਰਜੀਤ ਸਿੰਘ ਬਾਜਵਾ (ਬਟਾਲਾ), ਗੁਰਪ੍ਰੀਤ ਬਟਾਲਵੀ, ਬਚਿੱਤਰ ਸਿੰਘ, ਗੁਰਪ੍ਰੀਤ ਸਿੰਘ ਗਿੱਲ, ਗੁਰਮੇਲ ਸਿੰਘ ਚੀਮਾ, ਮੁਖਤਾਰ ਸਿੰਘ ਮੁਲਤਾਨੀ, ਪਵਨ ਕੁਮਾਰ, ਪਤਵੰਤ ਕੌਰ ਪੰਨੂੰ, ਰਾਜ ਕੌਰ ਗਿੱਲ, ਸੁਰਿੰਦਰ ਕੌਰ ਚਾਹਲ, ਅਮਰਜੀਤ ਕੌਰ ਘਈ, ਅਵਨੀਤ ਸੰਧੂ, ਸਰਬਜੀਤ ਬਡਵਾਲ ਅਤੇ ਕਈ ਹੋਰ ਸ਼ਾਮਲ ਸਨ। ਅਖ਼ੀਰ 'ਚ ਸਭਾ ਦੇ ਸਰਪ੍ਰਸਤ ਬਲਰਾਜ ਚੀਮਾ ਵੱਲੋਂ ਸਮੂਹ ਬੁਲਾਰਿਆਂ ਅਤੇ ਸਰੋਤਿਆਂ ਦਾ ਹਾਰਦਿਕ ਧੰਨਵਾਦ ਕੀਤਾ ਗਿਆ।

84 ਦੇ ਨਸਲਕੁਸ਼ੀ ਪੀੜਤਾਂ ਦੀਆਂ ਸਮੱਸਿਆਵਾਂ ਦਾ ਤੁਰੰਤ ਹੱਲ ਕੱਢੇ ਪੰਜਾਬ ਸਰਕਾਰ: ਗਿਆਨੀ ਕੁਲਦੀਪ ਸਿੰਘ ਗੜਗੱਜ

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਅੱਜ ਹਲਕਾ ਆਤਮ ਨਗਰ ਦੇ ਵਿਧਾਇਕ ਕੁਲਵੰਤ ਸਿੰਘ ਸਿੱਧੂ ਨੂੰ ਤਾੜਨਾ ਕਰਦਿਆਂ ਕਿਹਾ ਕਿ ਉਹ ਦੰਗਾ ਪੀੜਤ ਪਰਿਵਾਰਾਂ ਨੂੰ ਦਿੱਤੇ ਗਏ ਫਲੈਟਾਂ 'ਤੇ 'ਆਪ' ਸਮਰਥਕਾਂ ਦੇ ਗੈਰ-ਕਾਨੂੰਨੀ ਕਬਜ਼ੇ ਨੂੰ ਤੁਰੰਤ ਖਤਮ ਕਰਨ,ਤਾਂ ਜੋ ਅਸਲ ਮਾਲਕਾਂ ਨੂੰ ਇਹ ਫਲੈਟ ਮਿਲ ਸਕਣ।

ਜਥੇਦਾਰ ਗੜਗੱਜ ਅੱਜ 1984 ਦੰਗਾਂ ਦੇ ਪੀੜਤਾਂ ਦੀ ਪੀੜ ਸੁਣਨ ਤੋਂ ਬਾਅਦ ਦੁੱਗਰੀ ਵਿਖੇ ਰਾਇਟ ਵਿਕਟਿਮ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਸੁਰਜੀਤ ਸਿੰਘ ਦੁੱਗਰੀ ਅਤੇ ਮਹਿਲਾ ਵਿੰਗ ਦੀ ਪ੍ਰਧਾਨ ਬੀਬੀ ਗੁਰਦੀਪ ਕੌਰ ਦੀ ਅਗਵਾਈ ਹੇਠ ਅੱਜ ਸ਼ਹਿਰ ਵਿੱਚ ਪਰਿਵਾਰਾਂ ਨੂੰ ਮਿਲਣ ਆਏ ਸਨ।

ਜਥੇਦਾਰ ਨੇ ਪੰਜਾਬ ਸਰਕਾਰ ਨੂੰ ਕਿਹਾ ਕਿ ਉਹ ਨਵੰਬਰ 1984 ਵਿੱਚ ਹੋਏ ਸਿੱਖ ਨਸਲਕੁਸ਼ੀ ਦੇ ਪੀੜਤਾਂ ਦੇ ਪਰਿਵਾਰਾਂ ਦੀਆਂ ਸਮੱਸਿਆਵਾਂ ਨੂੰ ਸੁਣੇ ਅਤੇ ਉਨ੍ਹਾਂ ਦਾ ਤੁਰੰਤ ਹੱਲ ਲੱਭੇ।ਜਥੇਦਾਰ ਨੇ ਕਿਹਾ ਕਿ ਉਹ ਪੀੜਤਾਂ ਦੇ ਪਰਿਵਾਰਾਂ ਦੇ ਧੀਰਜ ਅਤੇ ਹਿੰਮਤ ਦੀ ਪ੍ਰਸ਼ੰਸਾ ਕਰਦੇ ਹਨ ਜੋ ਪਿਛਲੇ 42 ਸਾਲਾਂ ਤੋਂ ਇਨਸਾਫ਼ ਲਈ ਸੰਘਰਸ਼ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਉਨ੍ਹਾਂ ਪਰਿਵਾਰਾਂ ਦਾ ਵੀ ਜਾਇਜ਼ਾ ਲੈਣਾ ਚਾਹੀਦਾ ਹੈ ਜਿਨ੍ਹਾਂ ਨੂੰ ਅੱਜ ਤੱਕ ਮੁਆਵਜ਼ਾ ਜਾਂ ਮੁੜ ਵਸੇਬੇ ਲਈ ਕੁਝ ਨਹੀਂ ਮਿਲਿਆ। ਇਸ ਮੌਕੇ ਪੀੜਤ ਪਰਿਵਾਰਾਂ ਨੇ ਜਥੇਦਾਰ ਗੜਗੱਜ ਨੂੰ ਆਪਣੀਆਂ ਸਮੱਸਿਆਵਾਂ ਅਤੇ ਮੁੜ ਵਸੇਬੇ ਨਾਲ ਜੁੜੇ ਮਾਮਲਿਆਂ ਬਾਰੇ ਜਾਣੂ ਕਰਵਾਇਆ। ਜਥੇਦਾਰ ਗਰਗਜ ਨੇ ਪੀੜਤਾਂ ਦੇ ਪਰਿਵਾਰਾਂ ਨੂੰ ਭਰੋਸਾ ਦਿੱਤਾ ਕਿ ਉਹ ਇਨਸਾਫ਼ ਦਿਵਾਉਣ ਅਤੇ ਉਨ੍ਹਾਂ ਦੇ ਮਸਲੇ ਹੱਲ ਕਰਨ ਲਈ ਬਣਦੀ ਕਾਰਵਾਈ ਕਰਨਗੇ।

ਪ੍ਰਧਾਨ ਸੁਰਜੀਤ ਸਿੰਘ ਦੁੱਗਰੀ ਅਤੇ ਮਹਿਲਾ ਵਿੰਗ ਦੀ ਪ੍ਰਧਾਨ ਬੀਬੀ ਗੁਰਦੀਪ ਕੌਰ ਨੇ ਪੰਜਾਬ ਸਰਕਾਰ 'ਤੇ ਗੰਭੀਰ ਦੋਸ਼ ਲਾਉਂਦਿਆਂ ਕਿਹਾ ਕਿ 84 ਦੇ ਕਤਲੇਆਮ ਤੋਂ ਬਾਅਦ ਪੰਜਾਬ ਆਏ ਪੀੜਤ ਪਰਿਵਾਰਾਂ ਦੇ ਮੁੜ ਵਸੇਬੇ ਲਈ ਅਕਾਲੀ ਦਲ ਦੀ ਸਰਕਾਰ ਅਤੇ ਪੰਜਾਬ-ਹਰਿਆਣਾ ਹਾਈ ਕੋਰਟ ਵੱਲੋਂ ਕਈ ਫ਼ੈਸਲੇ ਲਏ ਗਏ ਸਨ, ਜਿਨ੍ਹਾਂ ਤਹਿਤ ਪੀੜਤ ਪਰਿਵਾਰਾਂ ਨੂੰ ਮਕਾਨ, ਨੌਕਰੀਆਂ, ਕਾਰੋਬਾਰ ਲਈ ਬੂਥ, ਨਵੇਂ ਰੈੱਡ ਕਾਰਡ ਅਤੇ ਹੋਰ ਸਹੂਲਤਾਂ ਦਿੱਤੀਆਂ ਗਈਆਂ ਸਨ। ਪਰ ਪਿਛਲੀ ਕਾਂਗਰਸ ਸਰਕਾਰ ਅਤੇ ਹੁਣ ਭਗਵੰਤ ਮਾਨ ਸਰਕਾਰ ਵੱਲੋਂ ਐਲਾਨੀਆਂ ਸਾਰੀਆਂ ਸਹੂਲਤਾਂ ਬੰਦ ਕਰਕੇ ਹੁਣ ਕਥਿਤ ਤੌਰ 'ਤੇ ਪੀੜਤ ਪਰਿਵਾਰਾਂ ਨੂੰ ਪਰੇਸ਼ਾਨ ਕੀਤਾ ਜਾ ਰਿਹਾ ਹੈ।

ਸੁਰਜੀਤ ਸਿੰਘ ਨੇ ਕਿਹਾ ਕਿ ਪਿਛਲੇ ਕਈ ਦਹਾ

ਪੰਜਾਬ ਸਟਾਰ PUNJABSTAR.COM www.punjabstar.com

ਦੇਰ ਰਾਤ ਤੱਕ ਜਾਗਣ ਮਗਰੋਂ ਚੀਜ਼ਾਂ ਭੁੱਲਣ ਲੱਗ ਪਏ ਹੋ?



ਕੀ ਤੁਹਾਡੇ ਨਾਲ ਕਦੇ ਅਜਿਹਾ ਹੋਇਆ ਹੈ ਕਿ ਦੇਰ ਰਾਤ ਤੱਕ ਜਾਗਣ ਤੋਂ ਬਾਅਦ ਅਗਲੇ ਦਿਨ ਛੋਟੀਆਂ-ਛੋਟੀਆਂ ਗੱਲਾਂ ਯਾਦ ਰੱਖਣੀਆਂ ਵੀ ਮੁਸ਼ਕਲ ਹੋ ਰਹੀਆਂ ਹੋਣ? ਨੀਂਦ ਪੂਰੀ ਨਾ ਹੋਣ ਕਾਰਨ ਨਵੀਂ ਜਾਣਕਾਰੀ ਨੂੰ ਦਿਮਾਗ ਵਿੱਚ ਸਟੋਰ ਕਰਨਾ ਕਾਫ਼ੀ ਮੁਸ਼ਕਲ ਹੋ ਜਾਂਦਾ ਹੈ, ਪਰ ਇੱਕ ਨਵੀਂ ਖੋਜ ਵਿੱਚ ਇਸ ਨਾਲ ਜੁੜੀ ਹੈਰਾਨੀਜਨਕ ਗੱਲ ਸਾਹਮਣੇ ਆਈ ਹੈ।

ਦਰਅਸਲ, ਇਸ ਖੋਜ ਮੁਤਾਬਕ ਥੋੜ੍ਹੇ ਸਮੇਂ ਲਈ ਹਲਕੀ-ਫੁਲਕੀ ਕਸਰਤ ਵੀ ਨੀਂਦ ਦੀ ਕਮੀ ਕਾਰਨ ਯਾਦਦਾਸ਼ਤ 'ਤੇ ਪੈਣ ਵਾਲੇ ਮਾੜੇ ਪ੍ਰਭਾਵਾਂ ਨੂੰ ਘਟਾ ਸਕਦੀ ਹੈ। ਆਓ ਜਾਣਦੇ ਹਾਂ ਇਸ ਬਾਰੇ।

ਨੀਂਦ ਦੀ ਕਮੀ ਅਤੇ ਯਾਦਦਾਸ਼ਤ 'ਤੇ ਅਸਰ

ਇਸ ਖੋਜ ਵਿੱਚ ਪਾਇਆ ਗਿਆ ਕਿ ਲਗਾਤਾਰ 30 ਘੰਟੇ ਜਾਗਦੇ ਰਹਿਣ ਦੇ ਬਾਵਜੂਦ ਸਿਰਫ਼ 20 ਮਿੰਟ ਦੀ ਐਰੋਬਿਕ ਕਸਰਤ ਨਵੀਆਂ ਯਾਦਾਂ ਨੂੰ ਸੰਭਾਲਣ ਦੀ ਸਮਰੱਥਾ ਵਿੱਚ ਸੁਧਾਰ ਕਰਨ ਵਿੱਚ ਮਦਦਗਾਰ ਹੋ ਸਕਦੀ ਹੈ। ਹੈਰਾਨੀ ਦੀ ਗੱਲ ਇਹ ਹੈ ਕਿ 90 ਮਿੰਟ ਦੀ ਝਪਕੀ ਲੈਣ ਨਾਲ ਵੀ ਬਿਲਕੁਲ ਅਜਿਹਾ ਹੀ ਫਾਇਦਾ ਦੇਖਿਆ ਗਿਆ।

Proceedings of the National Academy of Sciences ਵਿੱਚ ਪ੍ਰਕਾਸ਼ਿਤ ਇਸ ਅਧਿਐਨ ਵਿੱਚ 18 ਤੋਂ 35 ਸਾਲ ਦੀ ਉਮਰ ਦੇ 53 ਸਿਹਤਮੰਦ ਬਾਲਗਾਂ ਨੂੰ ਸ਼ਾਮਲ ਕੀਤਾ ਗਿਆ।

ਇਨ੍ਹਾਂ ਲੋਕਾਂ ਨੂੰ 30 ਘੰਟਿਆਂ ਤੱਕ ਜਾਗਦਾ ਰੱਖਣ ਤੋਂ ਬਾਅਦ ਤਿੰਨ ਸਮੂਹਾਂ ਵਿੱਚ ਵੰਡਿਆ ਗਿਆ। ਪਹਿਲੇ ਸਮੂਹ ਨੇ 20 ਮਿੰਟ ਦੀ ਐਰੋਬਿਕ ਕਸਰਤ ਕੀਤੀ, ਦੂਜੇ ਸਮੂਹ ਨੇ 90 ਮਿੰਟ ਦੀ ਝਪਕੀ ਲਈ ਅਤੇ ਤੀਜਾ ਸਮੂਹ ਕਸਰਤ ਵਾਲੀ ਸਾਈਕਲ 'ਤੇ ਬੈਠਾ ਰਿਹਾ, ਪਰ ਉਸ ਨੇ ਕੋਈ ਕਸਰਤ ਨਹੀਂ ਕੀਤੀ।

ਇਸ ਤੋਂ ਬਾਅਦ ਤਸਵੀਰਾਂ ਦੀ ਪਛਾਣ ਕਰਨ ਵਾਲਾ ਟੈਸਟ ਲਿਆ ਗਿਆ। ਕਸਰਤ ਕਰਨ ਵਾਲੇ ਸਮੂਹ ਨੇ 56% ਤਸਵੀਰਾਂ ਦੀ ਸਹੀ ਪਛਾਣ ਕੀਤੀ, ਜਦਕਿ ਝਪਕੀ ਲੈਣ ਵਾਲੇ ਸਮੂਹ ਨੇ 57% ਤਸਵੀਰਾਂ ਦੀ ਸਹੀ ਪਛਾਣ ਕੀਤੀ। ਉੱਥੇ ਹੀ, ਬਿਨਾਂ ਕਸਰਤ ਕਰਨ ਵਾਲੇ ਸਮੂਹ ਦਾ ਸਕੋਰ ਸਿਰਫ਼ 46% ਰਿਹਾ।

ਦਿਮਾਗ 'ਤੇ ਕਿਵੇਂ ਹੁੰਦਾ ਹੈ ਅਸਰ?

ਦਿਮਾਗ ਦੀ ਓਓਪ ਜਾਂਚ ਤੋਂ ਪਤਾ ਲੱਗਿਆ ਕਿ ਕਸਰਤ ਅਤੇ ਝਪਕੀ, ਦੋਵੇਂ ਵੱਖ-ਵੱਖ ਤਰੀਕਿਆਂ ਨਾਲ ਯਾਦਦਾਸ਼ਤ ਨੂੰ ਬਿਹਤਰ ਬਣਾਉਂਦੇ ਹਨ। ਝਪਕੀ ਲੈਣ ਨਾਲ ਮਾਨਸਿਕ ਥਕਾਵਟ ਘੱਟ ਹੋਈ, ਜਿਸ ਨਾਲ ਕਾਰਗੁਜ਼ਾਰੀ ਵਿੱਚ ਸੁਧਾਰ ਆਇਆ। ਉੱਥੇ ਹੀ, ਕਸਰਤ ਕਰਨ ਨਾਲ ਦਿਮਾਗ ਦੀ ਨਵੀਂ ਜਾਣਕਾਰੀ ਨੂੰ ਬਿਹਤਰ ਤਰੀਕੇ ਨਾਲ ਪ੍ਰੋਸੈਸ ਕਰਨ ਦੀ ਸਮਰੱਥਾ ਵਿੱਚ ਸੁਧਾਰ ਹੋਇਆ।

ਹਾਲਾਂਕਿ, ਇਸ ਖੋਜ ਦੇ ਪ੍ਰਭਾਵਾਂ ਨੂੰ ਅਜੇ ਰੋਜ਼ਾਨਾ ਜ਼ਿੰਦਗੀ ਨਾਲ ਜੁੜੀਆਂ ਸਥਿਤੀਆਂ ਵਿੱਚ ਨਹੀਂ ਪਰਖਿਆ ਗਿਆ ਹੈ।

ਅਧੂਰੀ ਨੀਂਦ ਦੇ ਖ਼ਤਰੇ

ਡੂੰਘੀ Non-REM ਨੀਂਦ ਯਾਦਾਂ ਨੂੰ ਸੰਭਾਲਣ ਵਿੱਚ ਮਦਦ ਕਰਦੀ ਹੈ, ਜਦਕਿ ਓ ਨੀਂਦ ਭਾਵਨਾਤਮਕ ਯਾਦਾਂ ਨੂੰ ਸੰਭਾਲਣ ਵਿੱਚ ਮਦਦ ਕਰਦੀ ਹੈ।

ਲਗਾਤਾਰ ਨੀਂਦ ਪੂਰੀ ਨਾ ਹੋਣ ਕਾਰਨ ਬ੍ਰੇਨ ਫੌਗ, ਥਕਾਵਟ, ਕਮਜ਼ੋਰ ਯਾਦਦਾਸ਼ਤ, ਚਿੜਚਿੜਾਪਣ ਅਤੇ ਡਿਪ੍ਰੈਸ਼ਨ ਦਾ ਖ਼ਤਰਾ ਵਧ ਸਕਦਾ ਹੈ।

ਨਾਈਟ ਸ਼ਿਫਟ ਵਿੱਚ ਕੰਮ ਕਰਨ ਵਾਲੇ ਲੋਕਾਂ ਲਈ 15 ਮਿੰਟ ਦੀ ਛੋਟੀ ਝਪਕੀ ਵੀ ਮਦਦਗਾਰ ਸਾਬਤ ਹੋ ਸਕਦੀ ਹੈ, ਪਰ ਇਹ ਰੋਜ਼ਾਨਾ 7-8 ਘੰਟਿਆਂ ਦੀ ਨੀਂਦ ਦੀ ਕਮੀ ਨੂੰ ਪੂਰਾ ਨਹੀਂ ਕਰ ਸਕਦੀ।

ਡਿਪਰੈਸ਼ਨ ਦੀ ਨਵੀਂ ਉਪ-ਕਿਸਮ ਦੀ ਹੋਈ ਪਛਾਣ, ਨੀਂਦ ਤੇ ਸਰੀਰ ਦੀ ਅੰਦਰੂਨੀ ਘੜੀ ਨਾਲ ਜੁੜਿਆ ਹੈ ਇਹ ਰੋਗ

ਜੈਨੇਟਿਕ ਵਿਸ਼ਲੇਸ਼ਣ ਰਾਹੀਂ ਡਿਪ੍ਰੈਸ਼ਨ ਦੇ ਇਕ ਨਵੇਂ ਰੂਪ ਦੀ ਪਛਾਣ ਹੋਈ ਹੈ, ਜੋ ਸਰੀਰ ਦੀ 24 ਘੰਟਿਆਂ ਵਾਲੀ ਅੰਦਰੂਨੀ ਘੜੀ (ਜੋ ਸੌਣ ਤੇ ਜਾਗਣ ਦੇ ਚੱਕਰ ਨੂੰ ਕੰਟਰੋਲ ਕਰਦੀ ਹੈ) ਨਾਲ ਜੁੜਿਆ ਹੈ। ਇਸ ਨਵੇਂ ਰੂਪ ਨੂੰ 'ਸਰਕੇਡੀਅਨ ਡਿਪ੍ਰੈਸ਼ਨ' ਕਿਹਾ ਗਿਆ ਹੈ।

ਖੋਜਕਰਤਾਵਾਂ ਨੇ ਆਸਟ੍ਰੇਲੀਅਨ ਜੈਨੇਟਿਕਸ ਆਫ਼ ਡਿਪ੍ਰੈਸ਼ਨ ਸਟੱਡੀ ਦੇ ਅੰਕੜਿਆਂ ਦੀ ਵਰਤੋਂ ਕਰਦਿਆਂ ਡਿਪ੍ਰੈਸ਼ਨ ਤੋਂ ਪੀੜਤ 10,000 ਤੋਂ ਵੱਧ ਲੋਕਾਂ ਦਾ ਕਲੀਨਿਕਲ ਤੇ ਜੈਨੇਟਿਕ ਵਿਸ਼ਲੇਸ਼ਣ ਕੀਤਾ। ਯੂਨੀਵਰਸਿਟੀ ਆਫ਼ ਸਿਡਨੀ ਦੇ ਬ੍ਰੇਨ ਐਂਡ ਮਾਈਂਡ ਸੈਂਟਰ ਦੀ ਐਮਿਲਿਆਨਾ ਟੋਨਿਨੀ ਨੇ ਕਿਹਾ, "ਸਾਡੀ ਸੋਧ 'ਚ ਸਰਕੇਡੀਅਨ ਡਿਪ੍ਰੈਸ਼ਨ ਨੂੰ ਡਿਪ੍ਰੈਸ਼ਨ ਦੇ ਇਕ ਨਵੇਂ ਰੂਪ ਵਜੋਂ ਪਛਾਣਿਆ ਗਿਆ ਹੈ। ਅਧਿਐਨ 'ਚ ਸ਼ਾਮਲ ਗੰਭੀਰ, ਵਾਰ-ਵਾਰ ਹੋਣ ਵਾਲੇ ਜਾਂ ਲੰਬੇ ਸਮੇਂ ਤੱਕ ਬਣੇ ਰਹਿਣ ਵਾਲੇ ਡਿਪ੍ਰੈਸ਼ਨ ਤੋਂ ਪੀੜਤ ਲੋਕਾਂ ਵਿਚੋਂ ਲਗਪਗ ਹਰ ਚੌਥਾ ਵਿਅਕਤੀ ਇਸ ਤੋਂ ਪ੍ਰਭਾਵਿਤ ਹੈ।"

ਸਰਕੇਡੀਅਨ ਡਿਪ੍ਰੈਸ਼ਨ ਦੇ ਲੱਛਣਾਂ 'ਚ ਬਿਮਾਰੀ ਦਾ ਮੌਸਮਾਂ ਨਾਲ ਜੁੜਿਆ ਰੁਝਾਨ, ਡਿਪ੍ਰੈਸ਼ਨ ਦੌਰਾਨ ਬਹੁਤ ਜ਼ਿਆਦਾ ਸੌਣਾ, ਜਾਗਣ ਮਗਰੋਂ ਬਹੁਤ ਥਕਾਵਟ ਮਹਿਸੂਸ ਕਰਨਾ ਤੇ ਦੇਰ ਰਾਤ ਤੱਕ ਜਾਗਦੇ ਰਹਿਣਾ ਸ਼ਾਮਲ ਹਨ। ਟੋਨਿਨੀ ਨੇ ਕਿਹਾ, "ਡਿਪ੍ਰੈਸ਼ਨ ਹਰ ਕਿਸੇ 'ਚ ਇੱਕੋ ਜਿਹਾ ਨਹੀਂ ਹੁੰਦਾ। ਇਸ ਦੇ ਵੱਖ-ਵੱਖ ਰੂਪਾਂ ਦੀਆਂ ਵਿਸ਼ੇਸ਼ਤਾਵਾਂ ਨੂੰ ਸਮਝਣ ਨਾਲ ਅਸੀਂ ਲੋਕਾਂ ਨੂੰ ਉਹ ਇਲਾਜ ਜਲਦੀ ਮੁਹੱਈਆ ਕਰਵਾ ਸਕਦੇ ਹਾਂ, ਜੋ ਉਨ੍ਹਾਂ ਲਈ ਸਭ ਤੋਂ ਵੱਧ ਅਸਰਦਾਰ ਹੋਣ।"

ਖੋਜਕਰਤਾਵਾਂ ਮੁਤਾਬਕ, ਸਰਕੇਡੀਅਨ ਡਿਪ੍ਰੈਸ਼ਨ 'ਤੇ ਆਮ ਤੌਰ 'ਤੇ ਵਰਤੀਆਂ ਜਾਂਦੀਆਂ ਸੇਰੋਟੋਨਿਨ-ਆਧਾਰਿਤ ਡਿਪ੍ਰੈਸ਼ਨ-ਰੋਕੂ ਦਵਾਈਆਂ ਦਾ ਅਸਰ ਘੱਟ ਹੁੰਦਾ ਹੈ। ਹਾਲਾਂਕਿ, ਇਹ ਉਨ੍ਹਾਂ ਵਿਹਾਰਕ ਤੇ ਡਾਕਟਰੀ ਇਲਾਜਾਂ ਨਾਲ ਬਿਹਤਰ ਹੁੰਗਾਰਾ ਦਿੰਦਾ ਹੈ, ਜੋ ਸਰੀਰ ਦੀ ਅੰਦਰੂਨੀ ਘੜੀ ਨਾਲ ਜੁੜੇ ਦਿਮਾਗੀ ਸਰਕਟਾਂ ਨੂੰ ਨਿਸ਼ਾਨਾ ਬਣਾਉਂਦੇ ਹਨ। ਇਨ੍ਹਾਂ 'ਚ ਮੈਲਾਟੋਨਿਨ, ਮੈਲਾਟੋਨਿਨ ਨੂੰ ਨਿਸ਼ਾਨਾ ਬਣਾਉਣ ਵਾਲੀਆਂ ਡਿਪ੍ਰੈਸ਼ਨ-ਰੋਕੂ ਦਵਾਈਆਂ ਤੇ ਲਾਈਟ ਥੈਰੇਪੀ ਸ਼ਾਮਲ ਹਨ।

ਸ਼ੀਸ਼ੇ ਦੀ ਦੁਨੀਆਂ ਬਨਾਮ ਕੈਦੀ



ਅੱਜ ਦਾ ਮਨੁੱਖ ਤਕਨਾਲੋਜੀ ਦੇ ਚਰਮ 'ਤੇ ਖੜਾ ਹੈ। ਇੰਟਰਨੈੱਟ, ਆਰਟੀਫ਼ੀਸ਼ਲ ਇੰਟੈਲੀਜੈਂਸ, ਅਤੇ ਸਮਾਰਟਫੋਨ ਨੇ ਸਾਡੀ ਜ਼ਿੰਦਗੀ ਨੂੰ ਇੱਕ ਨਵੀਂ ਦਿਸ਼ਾ ਦਿੱਤੀ ਹੈ। ਇਨ੍ਹਾਂ ਵਿੱਚੋਂ ਮੋਬਾਇਲ ਫੋਨ ਸਭ ਤੋਂ ਪ੍ਰਭਾਵਸ਼ਾਲੀ ਸਾਧਨ ਬਣ ਚੁੱਕਾ ਹੈ। ਮੋਬਾਇਲ ਸਿਰਫ਼ ਗੱਲਬਾਤ ਕਰਨ ਦਾ ਜਰੀਆ ਨਹੀਂ ਰਹਿ ਗਿਆ, ਬਲਕਿ ਇਹ ਸਾਡੀ ਜ਼ਿੰਦਗੀ ਦਾ ਕੇਂਦਰ ਬਣ ਗਿਆ ਹੈ। ਪਰ ਇਹ ਕੇਂਦਰ ਇੱਕ "ਸ਼ੀਸ਼ੇ ਦੀ ਦੁਨੀਆਂ" ਵਾਂਗ ਹੈ—ਜਿੱਥੇ ਸਭ ਕੁਝ ਦਿਖਾਈ ਤਾਂ ਦਿੰਦਾ ਹੈ, ਪਰ ਅਸਲ ਨਹੀਂ ਹੁੰਦਾ।

ਇਹ ਸ਼ੀਸ਼ੇ ਦੀ ਦੁਨੀਆਂ ਸਾਨੂੰ ਆਕਰਸ਼ਿਤ ਕਰਦੀ ਹੈ, ਸਾਨੂੰ ਖੁਸ਼ੀ ਦਿੰਦੀ ਹੈ, ਪਰ ਹੌਲੀ-ਹੌਲੀ ਇਹ ਸਾਨੂੰ ਆਪਣੇ ਵੱਸ ਵਿੱਚ ਕਰ ਲੈਂਦੀ ਹੈ। ਅਸੀਂ ਇਸ ਵਿੱਚ ਇੰਨਾ ਡੁੱਬ ਜਾਂਦੇ ਹਾਂ ਕਿ ਅਸਲ ਜ਼ਿੰਦਗੀ ਤੋਂ ਕੱਟ ਜਾਂਦੇ ਹਾਂ।

ਸਵੇਰੇ ਅੱਖ ਖੁੱਲਣ ਤੋਂ ਲੈ ਕੇ ਰਾਤ ਨੂੰ ਸੌਣ ਤੱਕ, ਅਸੀਂ ਮੋਬਾਇਲ ਨਾਲ ਜੁੜੇ ਰਹਿੰਦੇ ਹਾਂ। ਇਹ ਇੱਕ ਛੋਟਾ ਜਿਹਾ ਯੰਤਰ ਹੁਣ ਸਾਡਾ ਦੋਸਤ, ਅਧਿਆਪਕ, ਮਨੋਰੰਜਨ ਦਾ ਸਾਧਨ ਅਤੇ ਸਾਡਾ ਸਾਥੀ ਤੱਕ ਵੀ ਬਣ ਗਿਆ ਹੈ। ਪਰ ਇਸ ਮੋਬਾਇਲ ਦੀ ਸਕਰੀਨ—ਇੱਕ "ਸ਼ੀਸ਼ੇ ਦੀ ਦੁਨੀਆਂ"—ਸਾਨੂੰ ਜਿੱਥੇ ਇਕ ਪਾਸੇ ਆਕਰਸ਼ਿਤ ਕਰਦੀ ਹੈ, ਉੱਥੇ ਦੂਜੇ ਪਾਸੇ ਸਾਨੂੰ ਇੱਕ "ਕੈਦੀ" ਵੀ ਬਣਾ ਰਹੀ ਹੈ।

ਮੈਂ ਜੋ ਅੱਜ ਤੁਹਾਡੇ ਨਾਲ ਸਾਂਝਾ ਕਰ ਰਿਹਾ ਹਾਂ ਉਹ ਇਸੇ ਵਿਸ਼ੇ 'ਤੇ ਹੀ ਕੇਂਦਰਿਤ ਹੈ ਕਿ ਕਿਵੇਂ ਮੋਬਾਇਲ ਦੀ ਸ਼ੀਸ਼ੇ ਵਰਗੀ ਦੁਨੀਆਂ ਸਾਨੂੰ ਮੋਹ ਲੈਂਦੀ ਹੈ ਅਤੇ ਅਸੀਂ ਕਿਵੇਂ ਹੌਲੀ-ਹੌਲੀ ਇਸ ਦੇ ਕੈਦੀ ਬਣ ਜਾਂਦੇ ਹਾਂ।

ਮੋਬਾਇਲ — ਆਧੁਨਿਕ ਸ਼ੀਸ਼ਾ

ਮੋਬਾਇਲ ਦੀ ਸਕਰੀਨ ਨੂੰ ਸ਼ੀਸ਼ੇ ਨਾਲ ਤੁਲਨਾ ਕਰਨਾ ਬਿਲਕੁਲ ਠੀਕ ਹੈ। ਜਿਵੇਂ ਸ਼ੀਸ਼ਾ ਸਾਡੀ ਤਸਵੀਰ ਦਿਖਾਉਂਦਾ ਹੈ, ਤਿਵੇਂ ਮੋਬਾਇਲ ਸਾਨੂੰ ਦੁਨੀਆਂ ਦੀ ਤਸਵੀਰ ਦਿਖਾਉਂਦਾ ਹੈ। ਪਰ ਇਸ ਵਿੱਚ ਇੱਕ ਵੱਡਾ ਫਰਕ ਹੈ—ਸ਼ੀਸ਼ਾ ਸੱਚ ਦਿਖਾਉਂਦਾ ਹੈ, ਜਦਕਿ ਮੋਬਾਇਲ ਸਿਰਫ਼ ਉਹੀ ਦਿਖਾਉਂਦਾ ਹੈ ਜੋ ਦਿਖਾਇਆ ਜਾਣਾ ਚਾਹੁੰਦਾ ਹੈ। ਮੋਬਾਇਲ ਦੀ ਸਕਰੀਨ ਸਾਨੂੰ ਦੁਨੀਆਂ ਦੇ ਦ੍ਰਿਸ਼ ਦਿਖਾਉਂਦੀ ਹੈ—ਵੀਡੀਓ, ਤਸਵੀਰਾਂ, ਖ਼ਬਰਾਂ ਅਤੇ ਸੋਸ਼ਲ ਮੀਡੀਆ ਦੇ ਪੋਸਟ। ਪਰ ਇਹ ਸਾਰਾ ਕੁਝ ਚੁਣਿਆ ਹੋਇਆ ਹੁੰਦਾ ਹੈ। ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਲੋਕ ਆਪਣੀ ਜ਼ਿੰਦਗੀ ਦੇ ਸਭ ਤੋਂ ਸੁੰਦਰ ਪਲ ਸਾਂਝੇ ਕਰਦੇ ਹਨ। ਫਿਲਟਰਾਂ ਅਤੇ ਐਡੀਟਿੰਗ ਦੀ ਮਦਦ ਨਾਲ ਇੱਕ ਆਮ ਤਸਵੀਰ ਨੂੰ ਵੀ ਖ਼ੂਬਸੂਰਤ ਬਣਾਇਆ ਜਾਂਦਾ ਹੈ। ਇਸ ਤਰ੍ਹਾਂ ਇਹ ਇੱਕ ਆਭਾਸੀ ਦੁਨੀਆਂ ਬਣ ਜਾਂਦੀ ਹੈ। ਜਿੱਥੇ ਸਭ ਕੁਝ ਬਿਹਤਰ ਲੱਗਦਾ ਹੈ।

ਆਕਰਸ਼ਣ ਦਾ ਜਾਲ

ਮੋਬਾਇਲ ਦੀ ਦੁਨੀਆਂ ਬਹੁਤ ਆਕਰਸ਼ਕ ਹੈ। ਇਸ ਵਿੱਚ ਗੇਮਾਂ, ਵੀਡੀਓ, ਫਿਲਮਾਂ, ਸੰਗੀਤ, ਅਤੇ ਅਣਗਿਣਤ ਐਪਲੀਕੇਸ਼ਨ ਹਨ। ਹਰ ਐਪਲੀਕੇਸ਼ਨ ਸਾਨੂੰ ਹੋਰ ਸਮਾਂ ਬਿਤਾਉਣ ਲਈ ਉਤਸ਼ਾਹਿਤ ਕਰਦੀ ਹੈ।

ਨੋਟੀਫਿਕੇਸ਼ਨ ਦੀ ਆਵਾਜ਼, ਲਾਈਕ ਅਤੇ ਕੁਮੈਂਟ ਸਾਨੂੰ ਖੁਸ਼ੀ ਦਿੰਦੇ ਹਨ। ਇਹ ਖੁਸ਼ੀ ਅਸਥਾਈ ਹੁੰਦੀ ਹੈ, ਪਰ ਇਸ ਦੀ ਆਦਤ ਪੈ ਜਾਂਦੀ ਹੈ। ਅਸੀਂ ਵਾਰ-ਵਾਰ ਮੋਬਾਇਲ ਚੈੱਕ ਕਰਦੇ ਹਾਂ—ਕੋਈ ਨਵਾਂ ਸੁਨੇਹਾ ਆਇਆ ਹੈ ਜਾਂ ਨਹੀਂ। ਇਹੀ ਆਦਤ ਹੌਲੀ-ਹੌਲੀ ਨਸ਼ੇ ਵਿੱਚ ਬਦਲ ਜਾਂਦੀ ਹੈ।

ਆਭਾਸੀ ਖੁਸ਼ੀ ਵਿਰੁੱਧ ਅਸਲੀ ਖੁਸ਼ੀ

ਮੋਬਾਇਲ ਸਾਨੂੰ ਜੋ ਖੁਸ਼ੀ ਦਿੰਦਾ ਹੈ, ਉਹ ਅਸਲੀ ਨਹੀਂ ਹੁੰਦੀ। ਇਹ ਸਿਰਫ ਕੁਝ ਪਲਾਂ ਲਈ ਹੁੰਦੀ ਹੈ। ਜਦੋਂ ਅਸੀਂ ਮੋਬਾਇਲ ਨੂੰ ਇੱਕ ਪਾਸੇ ਰੱਖਦੇ ਹਾਂ, ਤਾਂ ਅਸੀਂ ਫਿਰ ਖਾਲੀਪਣ ਮਹਿਸੂਸ ਕਰਦੇ ਹਾਂ। ਅਸਲੀ ਖੁਸ਼ੀ ਪਰਿਵਾਰ ਨਾਲ ਸਮਾਂ ਬਿਤਾਉਣ ਵਿੱਚ, ਦੋਸਤਾਂ ਨਾਲ ਮਿਲਣ ਵਿੱਚ ਅਤੇ ਕੁਦਰਤ ਨਾਲ ਜੁੜਨ ਵਿੱਚ ਹੈ। ਪਰ ਮੋਬਾਇਲ ਸਾਨੂੰ ਇਹਨਾਂ ਸਭ ਤੋਂ ਦੂਰ ਕਰ ਦਿੰਦਾ ਹੈ।

ਕੈਦੀ ਬਣਨ ਦੀ ਪ੍ਰਕਿਰਿਆ

ਮੋਬਾਇਲ ਦਾ ਇਸਤੇਮਾਲ ਸ਼ੁਰੂ ਵਿੱਚ ਇੱਕ ਸਹੂਲਤ ਹੁੰਦਾ ਹੈ, ਪਰ ਹੌਲੀ-ਹੌਲੀ ਇਹ ਆਦਤ ਬਣ ਜਾਂਦਾ ਹੈ। ਜਦੋਂ ਅਸੀਂ ਇਸ ਦੇ ਬਿਨਾਂ ਰਹਿ ਨਹੀਂ ਸਕਦੇ, ਤਾਂ ਅਸੀਂ ਇਸ ਦੇ ਕੈਦੀ ਬਣ ਜਾਂਦੇ ਹਾਂ। ਅਸੀਂ ਹਰ ਵੇਲੇ ਮੋਬਾਇਲ ਨਾਲ ਜੁੜੇ ਰਹਿੰਦੇ ਹਾਂ। ਅਸੀਂ ਆਪਣੇ ਕੰਮਾਂ ਵਿੱਚ ਧਿਆਨ ਨਹੀਂ ਦੇ ਸਕਦੇ। ਅਸੀਂ ਨੀਂਦ ਘੱਟ ਲੈਂਦੇ ਹਾਂ,

ਅਸੀਂ ਆਪਣੇ ਆਲੇ-ਦੁਆਲੇ ਦੇ ਲੋਕਾਂ ਨਾਲ ਗੱਲਬਾਤ ਘੱਟ ਕਰਦੇ ਹਾਂ। ਇਹ ਸਾਰੇ ਲੱਛਣ ਇੱਕ ਕੈਦੀ ਦੀ ਜ਼ਿੰਦਗੀ ਨੂੰ ਹੀ ਤਾਂ ਦਰਸਾਉਂਦੇ ਹਨ।

ਸਮਾਜਿਕ ਪ੍ਰਭਾਵ

ਮੋਬਾਇਲ ਦੇ ਅਧਿਕ ਵਰਤੋਂ ਨਾਲ ਸਮਾਜ 'ਤੇ ਵੀ ਅਸਰ ਪੈਂਦਾ ਹੈ। ਪਰਿਵਾਰਕ ਸੰਬੰਧ ਕਮਜ਼ੋਰ ਹੋ ਜਾਂਦੇ ਹਨ। ਲੋਕ ਇੱਕ ਹੀ ਘਰ ਵਿੱਚ ਰਹਿ ਕੇ ਵੀ ਇੱਕ-ਦੂਜੇ ਨਾਲ ਗੱਲ ਨਹੀਂ ਕਰਦੇ। ਦੋਸਤੀ ਵੀ ਹੁਣ ਆਨਲਾਈਨ ਹੋ ਗਈ ਹੈ। ਅਸਲ ਮਿਲਣ-ਜੁਲਣ ਘੱਟ ਹੋ ਗਿਆ ਹੈ। ਇਸ ਨਾਲ ਮਨੁੱਖੀ ਸੰਬੰਧਾਂ ਦੀ ਗਹਿਰਾਈ ਘਟ ਰਹੀ ਹੈ।

ਮਾਨਸਿਕ ਅਤੇ ਸਰੀਰਕ ਪ੍ਰਭਾਵ

ਮੋਬਾਇਲ ਦੀ ਲੰਬੀ ਵਰਤੋਂ ਸਾਡੇ ਸਿਹਤ 'ਤੇ ਵੀ ਅਸਰ ਪਾਂਦੀ ਹੈ। ਮੋਬਾਇਲ ਦੀ ਜਿਆਦਾ ਵਰਤੋਂ ਨਾਲ ਤਣਾਅ , ਚਿੰਤਾ, ਡਿਪ੍ਰੈਸ਼ਨ ਅਤੇ ਧਿਆਨ ਦੀ ਕਮੀ ਆਦਿ ਰੋਗ ਉਤਪੰਨ ਹੁੰਦੇ ਹਨ। ਇਸ ਤੋਂ ਇਲਾਵਾ ਸਰੀਰਕ ਪ੍ਰਭਾਵ ਜਿਵੇਂ ਅੱਖਾਂ ਦੀ ਸਮੱਸਿਆ,ਗਰਦਨ ਅਤੇ ਪਿੱਠ ਦਰਦ,

ਨੀਂਦ ਦੀ ਕਮੀ ਆਦਿ ਇਹ ਸਾਰੇ ਪ੍ਰਭਾਵ ਸਾਨੂੰ ਹੌਲੀ-ਹੌਲੀ ਕਮਜ਼ੋਰ ਕਰਦੇ ਹਨ।

ਨੌਜਵਾਨ ਪੀੜ੍ਹੀ 'ਤੇ ਪ੍ਰਭਾਵ

ਨੌਜਵਾਨ ਪੀੜ੍ਹੀ ਮੋਬਾਇਲ ਨਾਲ ਸਭ ਤੋਂ ਵੱਧ ਪ੍ਰਭਾਵਿਤ ਹੋ ਰਹੀ ਹੈ। ਵਿਦਿਆਰਥੀ ਆਪਣੀ ਪੜਾਈ ਤੋਂ ਵੱਧ ਸਮਾਂ ਮੋਬਾਇਲ 'ਤੇ ਬਿਤਾਉਂਦੇ ਹਨ। ਗੇਮਾਂ ਅਤੇ ਸੋਸ਼ਲ ਮੀਡੀਆ ਉਹਨਾਂ ਦਾ ਧਿਆਨ ਭਟਕਾਉਂਦੇ ਹਨ। ਇਸ ਨਾਲ ਉਹਨਾਂ ਦੀ ਸਿੱਖਿਆ ਅਤੇ ਭਵਿੱਖ' ਤੇ ਨਕਾਰਾਤਮਕ ਅਸਰ ਪੈਂਦਾ ਹੈ।

ਮੋਬਾਇਲ ਦੇ ਸਕਾਰਾਤਮਕ ਪੱਖ

ਮੋਬਾਇਲ ਦੇ ਸਿਰਫ਼ ਨਕਾਰਾਤਮਕ ਪੱਖ ਨਹੀਂ ਹਨ। ਇਹ ਸਾਡੀ ਜ਼ਿੰਦਗੀ ਨੂੰ ਬਿਹਤਰ ਵੀ ਬਣਾਉਂਦਾ ਹੈ।

ਸਿੱਖਿਆ ਲਈ ਆਨਲਾਈਨ ਸਰੋਤ, ਦੁਨੀਆਂ ਨਾਲ ਜੁੜਨ ਦੀ ਸਹੂਲਤ, ਐਮਰਜੈਂਸੀ ਵਿੱਚ ਮਦਦ, ਕੰਮ ਨੂੰ ਆਸਾਨ ਬਣਾਉਣਾ ਆਦਿ। ਜੇਕਰ ਆਖ ਦੇਈਏ ਕਿ

ਮੋਬਾਇਲ ਖੁਦ ਸਮੱਸਿਆ ਨਹੀਂ ਹੈ—ਇਸ ਦਾ ਗਲਤ ਇਸਤੇਮਾਲ ਸਮੱਸਿਆ ਹੈ ਤਾਂ ਕੋਈ ਗਲਤ ਨਹੀਂ ਹੋਵੇਗਾ।

ਸੰਤੁਲਨ ਦੀ ਲੋੜ

ਮੋਬਾਇਲ ਦੇ ਸਹੀ ਇਸਤੇਮਾਲ ਲਈ ਸੰਤੁਲਨ ਬਹੁਤ ਜ਼ਰੂਰੀ ਹੈ। ਦਿਨ ਵਿੱਚ ਨਿਰਧਾਰਿਤ ਸਮਾਂ ਹੀ ਮੋਬਾਇਲ ਵਰਤੋ,ਸੌਣ ਤੋਂ ਪਹਿਲਾਂ ਮੋਬਾਇਲ ਤੋਂ ਦੂਰ ਰਹੋ, ਪਰਿਵਾਰ ਨਾਲ ਸਮਾਂ ਬਿਤਾਓ, ਆਉਟਡੋਰ ਗਤੀਵਿਧੀਆਂ ਵਿੱਚ ਹਿੱਸਾ ਲਓ। ਇਹ ਸਭ ਸਾਡੀ ਜ਼ਿੰਦਗੀ ਨੂੰ ਖੁਸ਼ਗਵਾਰ ਬਣਾਉਂਦੀਆ ਹਨ।

ਹੱਲ ਅਤੇ ਜਾਗਰੂਕਤਾ

ਸਾਨੂੰ ਆਪਣੇ ਆਪ ਨੂੰ ਇਸ ਕੈਦ ਤੋਂ ਬਚਾਉਣ ਲਈ ਜਾਗਰੂਕ ਹੋਣਾ ਪਵੇਗਾ। ਇਸ ਲਈ ਸਭ ਤੋਂ ਪਹਿਲਾਂ

ਡਿਜ਼ਿਟਲ ਡੀਟੋਕਸ ਕਰੋ

ਰਾਸ਼ੀਫਲ

ਮੇਸ਼: ਬੁੱਧਵਾਰ, 21 ਅਕਤੂਬਰ, 2026, ਚੰਦਰਮਾ ਮਕਰ ਰਾਸ਼ੀ ਵਿੱਚ ਹੈ। ਚੰਦਰਮਾ ਤੁਹਾਡੀ ਰਾਸ਼ੀ ਤੋਂ ਦਸਵੇਂ ਘਰ ਵਿੱਚ ਹੈ। ਅੱਜ ਮੀਟਿੰਗਾਂ ਲਈ ਯਾਤਰਾ ਕਰਨ ਲਈ ਇੱਕ ਚੰਗਾ ਦਿਨ ਹੈ। ਕਾਰੋਬਾਰ ਨਾਲ ਸਬੰਧਤ ਯਤਨਾਂ ਦੀ ਸ਼ੁਰੂਆਤ ਲਾਭਦਾਇਕ ਹੋਵੇਗੀ। ਘਰ ਵਿੱਚ ਸ਼ੁਭ ਘਟਨਾਵਾਂ ਹੋਣਗੀਆਂ। ਸਟਾਕ ਸੱਟੇਬਾਜ਼ੀ ਵਿੱਤੀ ਲਾਭ ਲਿਆਏਗੀ। ਤੁਹਾਡੀ ਪਤਨੀ ਦੀ ਸਿਹਤ ਬਾਰੇ ਚਿੰਤਾਵਾਂ ਰਹਿਣਗੀਆਂ। ਪਰਿਵਾਰ ਨਾਲ ਬਾਹਰ ਜਾਣ ਦੀਆਂ ਯੋਜਨਾਵਾਂ ਬਣਾਈਆਂ ਜਾਣਗੀਆਂ। ਤੁਹਾਡੀ ਪ੍ਰੇਮ ਜ਼ਿੰਦਗੀ ਸਕਾਰਾਤਮਕ ਰਹੇਗੀ। ਤੁਹਾਨੂੰ ਲਾਭ ਹੋਵੇਗਾ। ਤੁਸੀਂ ਅੱਜ ਨਿਵੇਸ਼ਾਂ ਸੰਬੰਧੀ ਫੈਸਲੇ ਵੀ ਲੈ ਸਕਦੇ ਹੋ। ਸਿਹਤ ਲਈ ਚੰਗਾ ਸਮਾਂ ਹੈ।

ਟੌਰਸ: ਬੁੱਧਵਾਰ, 21 ਅਕਤੂਬਰ, 2026, ਚੰਦਰਮਾ ਮਕਰ ਰਾਸ਼ੀ ਵਿੱਚ ਹੈ। ਚੰਦਰਮਾ ਤੁਹਾਡੀ ਰਾਸ਼ੀ ਤੋਂ ਨੌਵੇਂ ਘਰ ਵਿੱਚ ਹੈ। ਤੁਸੀਂ ਅੱਜ ਕਾਰੋਬਾਰ ਵਿੱਚ ਕੁਝ ਨਵਾਂ ਕਰਨ ਦੀ ਕੋਸ਼ਿਸ਼ ਕਰੋਗੇ। ਹਾਲਾਂਕਿ, ਤੁਹਾਨੂੰ ਸਾਂਝੇਦਾਰੀ ਦੇ ਕੰਮ ਵਿੱਚ ਸਾਵਧਾਨ ਰਹਿਣ ਦੀ ਜ਼ਰੂਰਤ ਹੋਏਗੀ। ਆਲਸ ਅਤੇ ਚਿੰਤਾ ਬਣੀ ਰਹੇਗੀ। ਆਪਣੀ ਸਿਹਤ ਦਾ ਧਿਆਨ ਰੱਖੋ। ਵਿਰੋਧੀਆਂ ਨਾਲ ਬਹਿਸ ਤੋਂ ਬਚੋ। ਅੱਗ ਅਤੇ ਪਾਣੀ ਦੇ ਨੇੜੇ ਦੇ ਖੇਤਰਾਂ ਤੋਂ ਬਚੋ। ਹਾਲਾਂਕਿ, ਦੁਪਹਿਰ ਤੋਂ ਬਾਅਦ, ਤੁਹਾਨੂੰ ਵਿੱਤੀ ਲੈਣ-ਦੇਣ ਤੋਂ ਲਾਭ ਹੋਵੇਗਾ। ਕੰਮ 'ਤੇ ਤਰੱਕੀ ਸੰਭਵ ਹੈ। ਤੁਹਾਡੇ ਬੱਚਿਆਂ ਦੀ ਤਰੱਕੀ ਖੁਸ਼ੀ ਲਿਆਏਗੀ। ਤੁਹਾਡੇ ਪਰਿਵਾਰਕ ਜੀਵਨ ਵਿੱਚ ਸ਼ਾਂਤੀ ਰਹੇਗੀ।

ਮਿਥੁਨ: ਬੁੱਧਵਾਰ, 21 ਅਕਤੂਬਰ, 2026, ਚੰਦਰਮਾ ਮਕਰ ਰਾਸ਼ੀ ਵਿੱਚ ਹੈ। ਇਹ ਤੁਹਾਡੀ ਰਾਸ਼ੀ ਤੋਂ ਅੱਠਵੇਂ ਘਰ ਵਿੱਚ ਹੈ। ਨਕਾਰਾਤਮਕ ਵਿਚਾਰਾਂ ਨੂੰ ਦੂਰ ਰੱਖੋ। ਆਪਣੀਆਂ ਖਾਣ-ਪੀਣ ਦੀਆਂ ਆਦਤਾਂ ਦਾ ਧਿਆਨ ਰੱਖੋ। ਗੱਡੀ ਚਲਾਉਂਦੇ ਸਮੇਂ ਬਹੁਤ ਸਾਵਧਾਨ ਰਹੋ। ਅਚਾਨਕ ਵਿੱਤੀ ਖਰਚੇ ਸੰਭਵ ਹਨ। ਤੁਹਾਨੂੰ ਕਿਸੇ ਕਾਰਨ ਕਰਕੇ ਯਾਤਰਾ ਕਰਨ ਦੀ ਲੋੜ ਪੈ ਸਕਦੀ ਹੈ। ਦੁਪਹਿਰ ਤੋਂ ਬਾਅਦ, ਤੁਸੀਂ ਸਾਹਿਤਕ ਗਤੀਵਿਧੀਆਂ ਵਿੱਚ ਦਿਲਚਸਪੀ ਰੱਖੋਗੇ। ਹਾਲਾਂਕਿ, ਤੁਹਾਨੂੰ ਕੁਝ ਚਿੰਤਾ ਦਾ ਅਨੁਭਵ ਹੋਣ ਦੀ ਸੰਭਾਵਨਾ ਹੈ। ਅਚਾਨਕ ਵਿੱਤੀ ਖਰਚੇ ਹੋ ਸਕਦੇ ਹਨ।

ਕਰਕ: ਬੁੱਧਵਾਰ, 21 ਅਕਤੂਬਰ, 2026, ਚੰਦਰਮਾ ਮਕਰ ਰਾਸ਼ੀ ਵਿੱਚ ਹੈ। ਚੰਦਰਮਾ ਤੁਹਾਡੀ ਰਾਸ਼ੀ ਤੋਂ ਸੱਤਵੇਂ ਘਰ ਵਿੱਚ ਹੈ। ਸੁਆਦੀ ਅਤੇ ਸੁਆਦੀ ਭੋਜਨ ਦਾ ਆਨੰਦ ਲੈਣ ਨਾਲ ਤੁਹਾਨੂੰ ਖੁਸ਼ੀ ਮਿਲੇਗੀ। ਤੁਸੀਂ ਨਵੇਂ ਕੱਪੜੇ ਖਰੀਦਣ ਦੀ ਯੋਜਨਾ ਬਣਾ ਸਕਦੇ ਹੋ। ਵਿੱਤੀ ਮਾਮਲਿਆਂ ਵਿੱਚ ਤੁਹਾਡੇ ਲਈ ਇੱਕ ਚੰਗਾ ਦਿਨ ਹੋਵੇਗਾ। ਤੁਸੀਂ ਦੁਪਹਿਰ ਤੋਂ ਬਾਅਦ ਕੋਈ ਫੈਸਲਾ ਲੈਣ ਵਿੱਚ ਅਸਮਰੱਥ ਹੋ ਸਕਦੇ ਹੋ। ਅਚਾਨਕ ਖਰਚੇ ਪੈਦਾ ਹੋ ਸਕਦੇ ਹਨ। ਭਾਈਵਾਲੀ ਦੇ ਕੰਮ ਵਿੱਚ ਮਤਭੇਦ ਵਧਣਗੇ। ਕੰਮ 'ਤੇ ਹਾਲਾਤ ਅਨੁਕੂਲ ਰਹਿਣਗੇ। ਆਪਣੇ ਗੁੱਸੇ ਨੂੰ ਕਾਬੂ ਵਿੱਚ ਰੱਖੋ। ਅੱਜ ਨਵਾਂ ਕੰਮ ਸ਼ੁਰੂ ਕਰਨ ਤੋਂ ਬਚੋ।

ਸਿੰਘ: ਬੁੱਧਵਾਰ, 21 ਅਕਤੂਬਰ, 2026, ਚੰਦਰਮਾ ਮਕਰ ਰਾਸ਼ੀ ਵਿੱਚ ਹੈ। ਚੰਦਰਮਾ ਤੁਹਾਡੀ ਰਾਸ਼ੀ ਤੋਂ ਛੇਵੇਂ ਘਰ ਵਿੱਚ ਹੈ। ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣ ਦੀ ਕੋਸ਼ਿਸ਼ ਕਰੋਗੇ। ਤੁਸੀਂ ਵਿੱਤੀ ਯੋਜਨਾਵਾਂ ਨੂੰ ਪੂਰਾ ਕਰਨ ਦੇ ਯੋਗ ਹੋਵੋਗੇ। ਪੈਸਾ ਢੁਕਵੇਂ ਕੰਮਾਂ 'ਤੇ ਖਰਚ ਹੋਵੇਗਾ। ਵਿਦੇਸ਼ੀ ਉੱਦਮਾਂ ਤੋਂ ਲਾਭ ਹੋਣ ਦੀ ਸੰਭਾਵਨਾ ਹੈ। ਆਮਦਨ ਵਿੱਚ ਵਾਧਾ ਇਹ ਯਕੀਨੀ ਬਣਾਏਗਾ ਕਿ ਤੁਹਾਡੀ ਵਿੱਤੀ ਸਥਿਤੀ ਸੁਰੱਖਿਅਤ ਰਹੇ। ਪਰਿਵਾਰ ਦੇ ਮੈਂਬਰਾਂ ਨਾਲ ਕਿਸੇ ਮੁੱਦੇ 'ਤੇ ਵਿਵਾਦ ਪੈਦਾ ਹੋ ਸਕਦੇ ਹਨ। ਅਣਕਿਆਸੇ ਵਿੱਤੀ ਖਰਚੇ ਸੰਭਵ ਹੋਣਗੇ। ਭਾਈਵਾਲੀ ਦੇ ਕੰਮ ਵਿੱਚ ਅੰਦਰੂਨੀ ਮਤਭੇਦ ਹੋਣਗੇ, ਪਰ ਸਥਿਤੀ ਅਨੁਕੂਲ ਰਹੇਗੀ।

ਕੰਨਿਆ: ਬੁੱਧਵਾਰ, 21 ਅਕਤੂਬਰ, 2026, ਚੰਦਰਮਾ ਮਕਰ ਰਾਸ਼ੀ ਵਿੱਚ ਹੈ। ਚੰਦਰਮਾ ਤੁਹਾਡੀ ਰਾਸ਼ੀ ਤੋਂ ਪੰਜਵੇਂ ਘਰ ਵਿੱਚ ਹੈ। ਅੱਜ ਦਾ ਦਿਨ ਖੁਸ਼ੀ ਅਤੇ ਸ਼ਾਂਤੀ ਦਾ ਹੋਵੇਗਾ। ਤੁਸੀਂ ਗਹਿਣਿਆਂ ਦੀ ਖਰੀਦਦਾਰੀ ਕਰੋਗੇ। ਤੁਹਾਨੂੰ ਕਲਾ ਅਤੇ ਸੰਗੀਤ ਵਿੱਚ ਵੀ ਦਿਲਚਸਪੀ ਹੋਵੇਗੀ। ਅੱਜ ਦਾ ਦਿਨ ਕਾਰੋਬਾਰ ਲਈ ਬਹੁਤ ਵਧੀਆ ਹੈ। ਵਿੱਤੀ ਮਾਮਲੇ ਆਸਾਨ ਰਹਿਣਗੇ। ਘਰ ਵਿੱਚ ਸ਼ਾਂਤੀ ਅਤੇ ਖੁਸ਼ੀ ਰਹੇਗੀ। ਤੁਹਾਡੀ ਸਿਹਤ ਚੰਗੀ ਰਹੇਗੀ। ਤੁਹਾਨੂੰ ਕਾਰੋਬਾਰ ਤੋਂ ਲਾਭ ਹੋ ਸਕਦਾ ਹੈ। ਤੁਹਾਨੂੰ ਸਾਥੀਆਂ ਤੋਂ ਸਮਰਥਨ ਮਿਲੇਗਾ।

ਤੁਲਾ: ਬੁੱਧਵਾਰ, 21 ਅਕਤੂਬਰ, 2026, ਚੰਦਰਮਾ ਮਕਰ ਰਾਸ਼ੀ ਵਿੱਚ ਹੈ। ਚੰਦਰਮਾ ਤੁਹਾਡੀ ਰਾਸ਼ੀ ਤੋਂ ਚੌਥੇ ਘਰ ਵਿੱਚ ਹੈ। ਅੱਜ ਦਾ ਦਿਨ ਦਰਮਿਆਨੀ ਫਲਦਾਇਕ ਹੈ। ਤੁਹਾਡੇ ਵਿੱਚ ਸਰੀਰਕ ਤਾਜ਼ਗੀ ਅਤੇ ਮਾਨਸਿਕ ਖੁਸ਼ੀ ਦੀ ਘਾਟ ਰਹੇਗੀ। ਪਰਿਵਾਰ ਵਿੱਚ ਤਣਾਅਪੂਰਨ ਮਾਹੌਲ ਬਣ ਸਕਦਾ ਹੈ। ਸਮਾਜਿਕ ਜੀਵਨ ਵਿੱਚ ਬਦਨਾਮੀ ਦੀ ਘਟਨਾ ਹੋ ਸਕਦੀ ਹੈ। ਆਪਣੀ ਬੋਲੀ 'ਤੇ ਕਾਬੂ ਰੱਖੋ। ਦੁਪਹਿਰ ਤੋਂ ਬਾਅਦ ਤੁਹਾਡੀ ਸਰੀਰਕ ਅਤੇ ਮਾਨਸਿਕ ਸਥਿਤੀ ਵਿੱਚ ਸੁਧਾਰ ਹੋਵੇਗਾ। ਤੁਸੀਂ ਰਚਨਾਤਮਕ ਕੰਮਾਂ ਵਿੱਚ ਰੁੱਝੇ ਰਹੋਗੇ। ਆਪਣੇ ਜੀਵਨ ਸਾਥੀ ਨਾਲ ਤੁਹਾਡਾ ਰਿਸ਼ਤਾ ਸੁਹਿਰਦ ਰਹੇਗਾ।

ਸਕਾਰਪੀਓ: ਬੁੱਧਵਾਰ, 21 ਅਕਤੂਬਰ, 2026, ਚੰਦਰਮਾ ਮਕਰ ਰਾਸ਼ੀ ਵਿੱਚ ਹੈ। ਚੰਦਰਮਾ ਤੁਹਾਡੀ ਰਾਸ਼ੀ ਤੋਂ ਤੀਜੇ ਘਰ ਵਿੱਚ ਹੈ। ਤੁਹਾਨੂੰ ਜਾਇਦਾਦ ਦੇ ਮਾਮਲਿਆਂ ਵਿੱਚ ਬਹੁਤ ਸਾਵਧਾਨੀ ਵਰਤਣ ਦੀ ਜ਼ਰੂਰਤ ਹੋਏਗੀ। ਕਾਰੋਬਾਰੀ ਲੋਕਾਂ ਲਈ ਇਹ ਇੱਕ ਅਨੁਕੂਲ ਦਿਨ ਹੈ। ਤੁਹਾਡੇ ਭੈਣ-ਭਰਾ ਸਹਿਯੋਗੀ ਹੋਣਗੇ ਅਤੇ ਤੁਹਾਡੇ ਵਿਰੋਧੀ ਹਾਰ ਜਾਣਗੇ। ਦੁਪਹਿਰ ਤੋਂ ਬਾਅਦ ਸਰੀਰਕ ਅਤੇ ਮਾਨਸਿਕ ਤੰਦਰੁਸਤੀ ਕਾਇਮ ਰਹੇਗੀ। ਹਾਲਾਂਕਿ, ਆਪਣੀ ਬੋਲੀ ਵਿੱਚ ਸੰਜਮ ਰੱਖੋ। ਬਹੁਤ ਜ਼ਿਆਦਾ ਉਤਸ਼ਾਹ ਪਰਿਵਾਰ ਦੇ ਮੈਂਬਰਾਂ ਨਾਲ ਬਹਿਸ ਦਾ ਕਾਰਨ ਬਣ ਸਕਦਾ ਹੈ। ਵਿੱਤੀ ਨੁਕਸਾਨ ਦੀ ਸੰਭਾਵਨਾ ਹੈ। ਪ੍ਰੇਮ ਸਬੰਧਾਂ ਵਿੱਚ ਅਸੰਤੁਸ਼ਟੀ ਬਣੀ ਰਹੇਗੀ।

ਧਨੁ: ਬੁੱਧਵਾਰ, 21 ਅਕਤੂਬਰ, 2026, ਚੰਦਰਮਾ ਮਕਰ ਰਾਸ਼ੀ ਵਿੱਚ ਹੈ। ਚੰਦਰਮਾ ਤੁਹਾਡੀ ਰਾਸ਼ੀ ਤੋਂ ਦੂਜੇ ਘਰ ਵਿੱਚ ਹੈ। ਆਪਣੀ ਬੋਲੀ ਵਿੱਚ ਸੰਜਮ ਰੱਖੋ ਅਤੇ ਦੂਜਿਆਂ ਨਾਲ ਵਿਵਾਦਾਂ ਨੂੰ ਸੁਲਝਾਉਣ ਦੀ ਕੋਸ਼ਿਸ਼ ਕਰੋ। ਅੱਜ ਤੁਹਾਡਾ ਧਿਆਨ ਅਧਿਆਤਮਿਕ ਮਾਮਲਿਆਂ 'ਤੇ ਰਹੇਗਾ। ਵਿਦਿਆਰਥੀਆਂ ਨੂੰ ਧਿਆਨ ਕੇਂਦਰਿਤ ਕਰਨ ਵਿੱਚ ਮੁਸ਼ਕਲ ਆ ਸਕਦੀ ਹੈ। ਦੁਪਹਿਰ ਤੋਂ ਬਾਅਦ, ਤੁਹਾਡੀਆਂ ਚਿੰਤਾਵਾਂ ਦੂਰ ਹੋਣ ਕਾਰਨ ਤੁਸੀਂ ਖੁਸ਼ ਹੋਵੋਗੇ। ਤੁਸੀਂ ਸਰੀਰਕ ਅਤੇ ਮਾਨਸਿਕ ਤੌਰ 'ਤੇ ਸਿਹਤਮੰਦ ਰਹੋਗੇ। ਤੁਸੀਂ ਆਪਣੇ ਵਿਰੋਧੀਆਂ ਨੂੰ ਸਮੇਂ ਸਿਰ ਜਵਾਬ ਦੇਣ ਦੇ ਯੋਗ ਹੋਵੋਗੇ। ਤੁਸੀਂ ਅੱਜ ਕੰਮ 'ਤੇ ਆਪਣੇ ਟੀਚਿਆਂ ਨੂੰ ਪੂਰਾ ਕਰਨ ਦੇ ਯੋਗ ਹੋਵੋਗੇ।

ਮਕਰ: ਬੁੱਧਵਾਰ, 21 ਅਕਤੂਬਰ, 2026, ਚੰਦਰਮਾ ਮਕਰ ਰਾਸ਼ੀ ਵਿੱਚ ਹੈ। ਚੰਦਰਮਾ ਤੁਹਾਡੀ ਰਾਸ਼ੀ ਦੇ ਪਹਿਲੇ ਘਰ ਵਿੱਚ ਹੈ। ਤੁਹਾਨੂੰ ਅਨੁਕੂਲ ਵਪਾਰਕ ਲਾਭ ਦਾ ਅਨੁਭਵ ਹੋਵੇਗਾ। ਤੁਹਾਡੇ ਸਾਰੇ ਕੰਮ ਬਿਨਾਂ ਕਿਸੇ ਰੁਕਾਵਟ ਦੇ ਪੂਰੇ ਹੋਣਗੇ। ਤੁਹਾਡੇ ਘਰੇਲੂ ਜੀਵਨ ਵਿੱਚ ਵਿਵਾਦ ਪ੍ਰਬਲ ਹੋਣਗੇ। ਅਧਿਆਤਮਿਕਤਾ ਵਿੱਚ ਤੁਹਾਡੀ ਦਿਲਚਸਪੀ ਵਧੇਗੀ। ਤੁਸੀਂ ਦਫਤਰ ਵਿੱਚ ਪ੍ਰਭਾਵਸ਼ਾਲੀ ਰਹੋਗੇ। ਦੁਪਹਿਰ ਤੋਂ ਬਾਅਦ ਨਕਾਰਾਤਮਕ ਵਿਚਾਰ ਆ ਸਕਦੇ ਹਨ। ਤੁਸੀਂ ਫੈਸਲੇ ਨਹੀਂ ਲੈ ਸਕੋਗੇ। ਘਰੇਲੂ ਕੰਮਾਂ ਵਿੱਚ ਪੈਸਾ ਖਰਚ ਹੋਵੇਗਾ। ਤੁਹਾਨੂੰ ਪੁੰਜੀ ਨਿਵੇਸ਼ ਅਤੇ ਸਟਾਕ ਮਾਰਕੀਟ ਦੇ ਕੰਮ ਤੋਂ ਲਾਭ ਹੋ ਸਕਦਾ ਹੈ।

ਕੁੰਭ: ਬੁੱਧਵਾਰ, 21 ਅਕਤੂਬਰ, 2026, ਚੰਦਰਮਾ ਮਕਰ ਰਾਸ਼ੀ ਵਿੱਚ ਹੈ। ਚੰਦਰਮਾ ਤੁਹਾਡੀ ਰਾਸ਼ੀ ਤੋਂ ਬਾਰ੍ਹਵੇਂ ਘਰ ਵਿੱਚ ਹੈ। ਅੱਜ ਧਾਰਮਿਕ ਭਾਵਨਾਵਾਂ ਵਧੀਆਂ ਰਹਿਣਗੀਆਂ। ਤੁਸੀਂ ਧਾਰਮਿਕ ਗਤੀਵਿਧੀਆਂ ਜਾਂ ਤੀਰਥ ਯਾਤਰਾਵਾਂ 'ਤੇ ਪੈਸਾ ਖਰਚ ਕਰੋਗੇ। ਅਦਾਲਤੀ ਮਾਮਲਿਆਂ ਵਿੱਚ ਸਫਲਤਾ ਸੰਭਵ ਹੈ। ਭਗਵਾਨ ਦੀ ਪੂਜਾ ਕਰਨ ਨਾਲ ਤੁਹਾਡੇ ਮਨ ਨੂੰ ਸ਼ਾਂਤੀ ਮਿਲੇਗੀ। ਦੁਪਹਿਰ ਤੋਂ ਬਾਅਦ ਤੁਹਾਡੇ ਸਾਰੇ ਕੰਮ ਆਸਾਨੀ ਨਾਲ ਪੂਰੇ ਹੋ ਜਾਣਗੇ। ਤੁਹਾਡੇ ਪਰਿਵਾਰਕ ਜੀਵਨ ਵਿੱਚ ਵਿਵਾਦ ਪੈਦਾ ਹੋ ਸਕਦੇ ਹਨ। ਤੁਹਾਡੀ ਸਰੀਰਕ ਸਿਹਤ ਚੰਗੀ ਰਹੇਗੀ। ਇਸ ਸਮੇਂ ਦੌਰਾਨ, ਤੁਸੀਂ ਕੰਮ 'ਤੇ ਸਾਰੇ ਕੰਮ ਆਸਾਨੀ ਨਾਲ ਪੂਰੇ ਕਰ ਸਕੋਗੇ।

ਮੀਨ ਰਾਸ਼ੀ: ਬੁੱਧਵਾਰ, 21 ਅਕਤੂਬਰ, 2026, ਚੰਦਰਮਾ ਮਕਰ ਰਾਸ਼ੀ ਵਿੱਚ ਹੈ। ਚੰਦਰਮਾ ਤੁਹਾਡੀ ਰਾਸ਼ੀ ਤੋਂ ਗਿਆਰ੍ਹਵੇਂ ਘਰ ਵਿੱਚ ਹੈ। ਸਟਾਕ ਮਾਰਕੀਟ ਵਿੱਚ ਨਿਵੇਸ਼ ਕਰਨ ਨਾਲ ਤੁਹਾਨੂੰ ਵਿੱਤੀ ਲਾਭ ਹੋ ਸਕਦਾ ਹੈ। ਵਿਆਹੇ ਜੋੜੇ ਇੱਕ ਰਿਸ਼ਤਾ ਸੁਰੱਖਿਅਤ ਕਰਨ ਦੇ ਯੋਗ ਹੋ ਸਕਦੇ ਹਨ। ਕਾਰੋਬਾਰ ਲਾਭਦਾਇਕ ਹੋਵੇਗਾ। ਪਰਿਵਾਰਕ ਜੀਵਨ ਖੁਸ਼ੀ ਅਤੇ ਸ਼ਾਂਤੀ ਨਾਲ ਭਰਿਆ ਰਹੇਗਾ। ਕਿਸੇ ਸੈਰ-ਸਪਾਟਾ ਸਥਾਨ ਦੀ ਯਾਤਰਾ ਦੀ ਯੋਜਨਾ ਬਣਾਈ ਜਾ ਸਕਦੀ ਹੈ। ਦੁਪਹਿਰ ਤੋਂ ਬਾਅਦ, ਤੁਸੀਂ ਕਿਸੇ ਕਾਰਨ ਕਰਕੇ ਮਾਨਸਿਕ ਚਿੰਤਾ ਦਾ ਅਨੁਭਵ ਕਰੋਗੇ। ਧਾਰਮਿਕ ਗਤੀਵਿਧੀਆਂ ਵਿੱਚ ਪੈਸਾ ਖਰਚ ਹੋਵੇਗਾ। ਖਰਚ ਆਮਦਨ ਤੋਂ ਵੱਧ ਹੋਵੇਗਾ। ਪਰਿਵਾਰ ਵਿੱਚ ਸ਼ਾਂਤੀਪੂਰਨ ਮਾਹੌਲ ਰਹੇਗਾ। ਤੁਹਾਡੇ ਪ੍ਰੇਮ ਜੀਵਨ ਵਿੱਚ ਅਸੰਤੁਸ਼ਟੀ ਪੈਦਾ ਹੋ ਸਕਦੀ ਹੈ।

ਕੁੱਤਿਆਂ ਵਾਲੇ ਸਰਦਾਰ ਦੀ (ਭਾਗ-3)



"ਆਪਣੇ ਤੂੰ ਦਿਨ ਭੁੱਲ ਗਈ,
ਸੱਸੇ ਮੈਨੂੰ ਕਰੇਂ ਤਕੜਾਈਆਂ।"

ਰਣਜੀਤ ਨੂੰ ਹਫ਼ਤਾ ਭਰ ਸ਼ੀਤਲ ਦੇ ਅੰਗਾਂ ਦਾ ਸਾਥ ਨਸ਼ਾ ਦੇਂਦਾ ਰਿਹਾ, ਜਿਵੇਂ ਸੰਗਮਰਮਰ ਦਾ ਤਰਾਸ਼ਿਆ ਸਰੀਰ ਉਸ ਦੀ ਬੁਕਲ 'ਚ ਧੜਕ ਰਿਹਾ ਸੀ।

ਇਹ ਅਹਿਸਾਸ ਉਸ ਨੂੰ ਉਦਾਸੀ ਦੇ ਸਾਗਰਾਂ 'ਚੋਂ ਕੱਢ ਕੇ ਜ਼ਿੰਦਗੀ ਦੇ ਗੁਲਜ਼ਾਰ 'ਚ ਲਿਆ ਖੜ੍ਹਾ ਕਰਦਾ ਸੀ, ਪਰ ਉਦਾਸੀ ਦਾ ਇਕ ਪ੍ਰਛਾਵਾਂ ਉਸ ਨੂੰ ਘੰਟਿਆਂ ਬੱਧੀ ਉਦਾਸ ਕਰੀ ਰਖਦਾ ਸੀ।

ਉਹ ਇਕੱਲਾ ਸੀ। ਹੁਸਨ ਦੇ ਸਾਗਰ 'ਚ ਇਕੱਲਾ ਰਹਿੰਦਾ ਸੀ। ਕਾਲਿਜ ਦੀਆਂ ਕੁਛ ਬਹੁਤੀਆਂ ਜਵਾਨ ਪ੍ਰੋਫੈਸਰ ਤਾਂ ਉਸ ਤੋਂ ਬੇਹੱਦ ਮਾਯੂਸ ਸਨ; ਸਗੋਂ ਸਾੜੇ ਮਾਰੀਆਂ ਨੇ ਕਈ ਮਾਰੂ ਵਾਰ ਵੀ ਕੀਤੇ। ਪ੍ਰਿੰਸੀਪਲ ਨੇ ਖੁਫੀਆ ਪੜਤਾਲ ਕੀਤੀ। ਕੁਝ ਬੰਦੇ ਤਾੜਨ ਲਈ ਪਿਛੇ ਛੱਡੇ, ਪਰ ਰਣਜੀਤ ਇਤਨਾ ਬੱਬਰ ਸੀ ਕਿ ਸ਼ੀਤਲ ਦਾ ਧਿਆਨ ਭਗਤੀ 'ਚੋਂ ਮਨ ਉਖੜਨ ਹੀ ਨਹੀਂ ਦੇਂਦਾ ਸੀ। ਉਸ ਨੂੰ ਕਿਸੇ ਦੀ ਤਾਰੀਫ਼ ਦੀ ਪ੍ਰਵਾਹ ਸੀ ਨਾ ਨਿੰਦਿਆ ਦੀ । ਮਸਤ ਕਾਰਵਾਂ ਚਲ ਰਿਹਾ ਸੀ।

ਕੁਛ ਚੁਗਲੀਆਂ ਇਤਨੀਆਂ ਭੈੜੀਆਂ ਸਨ ਕਿ ਪ੍ਰਿੰਸੀਪਲ ਉਸ ਨੂੰ ਤੁਰੰਤ ਕੱਢਣ ਲਈ ਮਜਬੂਰ ਹੁੰਦੀ ਪਰ ਉਹ ਇਤਨਾ ਕਾਬਲ ਪ੍ਰੋਫੈਸਰ ਸੀ ਕਿ ਪ੍ਰਿੰਸੀਪਲ ਛੇਤੀ ਕੀਤੇ ਉਸ ਨੂੰ ਛੱਡਣਾ ਨਹੀਂ ਚਾਹੁੰਦੀ ਸੀ। ਕਮਜ਼ੋਰ ਲੜਕੀਆਂ ਦੀਆਂ ਕਲਾਸਾਂ ਨੂੰ ਉਸ ਨੇ ਏ ਕਲਾਸ ਦੀਆਂ ਲੜਕੀਆਂ ਦੀ ਟੱਕਰ ਲਈ ਤਿਆਰ ਕਰ ਦਿੱਤਾ ਸੀ। ਉਸ ਦਾ ਪੜ੍ਹਾਣ ਦਾ ਤਰੀਕਾ ਹੀ ਐਸਾ ਸੀ, ਬੱਚੇ ਪੜ੍ਹ ਵੀ ਜਾਂਦੇ ਸਨ ਤੇ ਖੱਪ ਵੀ ਪਾ ਜਾਂਦੇ ਸਨ।

ਫ਼ਰਵਰੀ ਮਹੀਨੇ ਉਸ ਦੀਆਂ ਕਲਾਸਾਂ ਦੇ ਪਰਚੇ ਪ੍ਰਿੰਸੀਪਲ ਨੇ ਬਾਹਰੋਂ ਮਾਰਕ ਕਰਾਏ ਸਨ ਕਿ ਉਹ ਖੁਸ਼ ਹੋ ਉਠੀ ਸੀ।

"ਬੱਡੇ ਭੈਣ ਜੀ ਬੁਲਾ ਰਹੇ ਹਨ।" ਕਿਸੇ ਮਾਈ ਨੇ ਕਿਹਾ।

ਉਸ ਦੀ ਸੋਚ-ਤੰਦ ਟੁੱਟ ਗਈ।

ਪ੍ਰਿੰਸੀਪਲ ਦਾ ਦਫ਼ਤਰ ਨਾਲ ਹੀ ਸੀ। ਸ਼ਾਇਦ ਅਜ ਉਸਨੇ ਪ੍ਰਿੰਸੀਪਲ ਦੇ ਮੁੱਖ 'ਤੇ ਵਖਰੀ ਖੁਸ਼ੀ ਤੱਕੀ ਸੀ।

"ਭੈਣ ਜੀ ਮੈਨੂੰ ਯਾਦ ਕੀਤਾ ?

"ਹਾਂ-ਵਧਾਈ ਦੇਣੀ ਚਾਹੀ ਸੀ।"

"ਜੀ !"

"ਹਾਂ-ਰਣਜੀਤ-ਮੈਂ ਬੇਹੱਦ ਖੁਸ਼ ਹਾਂ ਮੈਨੂੰ ਆਪਣੀ ਚੋਣ ਤੇ ਮਾਨ ਹੈ।"

"ਮੈਂ ਕੁਛ ਸਮਝਿਆ ਨਹੀਂ—ਮੈਂ—ਮੈਂ—'

"ਤੈਨੂੰ ਕੁਛ ਪਤਾ ਨਹੀਂ—ਤੇਰੇ 'ਤੇ ਕੀ ਕੀ ਤੁਹਮਤਾਂ ਲਾਈਆਂ ਗਈਆਂ।"

"ਕੀ?"

"ਚੰਦ 'ਤੇ ਥੁੱਕਣ ਵਾਲਿਆਂ ਦੇ ਆਪਣੇ ਹੀ ਮੂੰਹ ਗੰਦੇ ਹੋਏ।"

"ਮੇਰਾ ਵੀ ਕੋਈ ਦੋਖੀ ਹੈ ?"

"ਇਕ ਨਹੀਂ ਦਰਜਨਾਂ-ਪਰ ਸੰਤਾਂ ਦਾ ਰੱਬ ਹੀ ਰਾਖਾ ਹੈ- ਗੱਲ ਪ੍ਰਧਾਨ ਤਕ ਵੀ ਪਹੁੰਚੀ ਸੀ-ਉਹ ਬਹੁਤ ਖੁਸ਼ ਹੈ।"

ਰਣਜੀਤ ਉਦਾਸੀ ਦੇ ਸਾਗਰ 'ਚ ਲੱਥ ਗਿਆ।

"ਪ੍ਰਧਾਨ ਸਾਹਿਬ ਅਗਲੇ ਸਾਲ ਤੁਹਾਨੂੰ ਸਪੈਸ਼ਲ ਇਨਕਰੀਮੈਂਟ ਦੇਣਗੇ: ਕੀ ਸੋਚ ਰਹੇ ਹੋ— ?"

"ਜੀ ਕੁਛ ਨਹੀਂ—ਸੋਚਦਾ ਹਾਂ ਅਗਲਾ ਸਾਲ ਆਵੇਗਾ ਵੀ।" ਕੀ ਕਹਿ ਰਹੇ ਹੋ?"

"ਠੀਕ ਕਹਿ ਰਿਹਾ ਹਾਂ—ਮੈਡਮ ਕੁਛ ਪਤਾ ਨਹੀਂ, ਮੈਂ ਕੱਲ੍ਹ ਹਾਂ ਜਾਂ ਨਹੀਂ। ਰਣਜੀਤ ਬਾਹਰ ਆ ਗਿਆ।

ਚਾਹ ਨੂੰ ਦਿਲ ਕਰ ਰਿਹਾ ਸੀ।

"ਕਦੇ ਹੋਰ ਕਿਸੇ ਨੂੰ ਵੀ ਸੁਲਾਹ ਮਾਰ ਲਿਆ ਕਰੋ।" ਇਕ ਪ੍ਰੋਫੈਸਰ ਸੀ ਰਣਜੀਤ ਤੇ ਉਸ ਦੀ ਅੱਖ ਨਸ਼ਿਆਈ ਰਹਿੰਦੀ ਸੀ।

ਦੋਵੇਂ ਚਾਹ ਪੀਂਦੇ ਹੱਸਦੇ ਰਹੇ।

"ਹੱਸ ਤਾਂ ਰਹੇ ਹਾਂ, ਜੇਕਰ ਕੋਈ ਤੂਫਾਨ ਖੜ੍ਹਾ ਹੋ ਗਿਆ?"

ਮੈਨੂੰ ਤਾਂ ਪ੍ਰਵਾਹ ਨਹੀਂ-ਆਪਣੀ ਗੱਲ ਕਰ।" ਮੈਡਮ ਰਣਜੀਤ ਦੀਆਂ ਅੱਖ 'ਚ ਝਾਕ ਰਹੀ ਸੀ।

"ਮੈਡਮ ਮੈਂ ਤੁਹਾਡੀ ਭਾਵਨਾ ਦੀ ਕਦਰ ਕਰਦਾ ਹਾਂ, ਪਰ ਮੈਂ ਬਹੁਤ ਦ

ਪੰਜਾਬ ਸਟਾਰ
www.punjabstar.com

ਸਾਈਨ ਪੁੱਟ ਕੇ ਉਮੀਦਵਾਰ ਨੂੰ ਲੋਕਾਂ ਦੇ ਦਿਲਾਂ 'ਚੋਂ ਨਹੀਂ ਕੱਢਿਆ ਜਾ ਸਕਦਾ...

ਸਤਪਾਲ ਸਿੰਘ ਜੌਹਲ ਨੇ ਕੀਤਾ ਮੰਦਭਾਗੀ ਘਟਨਾ 'ਤੇ ਅਫ਼ਸੋਸ ਦਾ ਪ੍ਰਗਟਾਵਾ

ਪਿਛਲੇ ਦਿਨੀਂ ਵੱਟਸਐੱਪ 'ਤੇ ਕੁਝ ਕੁ ਸਕਿੰਟਾਂ ਦੀ ਇਕ ਵੀਡੀਓ ਵੇਖਣ ਨੂੰ ਮਿਲੀ। ਵੀਡੀਓ ਵਿੱਚ ਕੋਈ ਭੱਦਰ-ਪੁਰਸ਼ ਅੱਧੀ ਰਾਤ ਨੂੰ ਆਪਣੀ ਕਾਰ ਇਕ ਚੌਕ ਦੇ ਨੇੜੇ ਖੜੀ ਕਰਕੇ ਬੜੀ ਤੇਜ਼ੀ ਨਾਲ ਦੌੜ ਕੇ ਵਾਰਡ ਨੰਬਰ 9 ਤੇ 10 ਦੇ ਰੀਜਨਲ ਕੌਂਸਲਰ ਉਮੀਦਵਾਰ ਸਤਪਾਲ ਸਿੰਘ ਜੌਹਲ ਦਾ ਉਸ ਚੌਕ ਦੇ ਕਿਨਾਰੇ ਲੱਗਿਆ ਹੋਇਆ ਸਾਈਨ-ਬੋਰਡ ਉਖਾੜ ਕੇ ਹੇਠਾਂ ਸੁੱਟ ਦਿੰਦਾ ਹੈ ਅਤੇ ਫਿਰ ਓਸੇ ਤੇਜ਼ੀ ਨਾਲ ਦੌੜ ਕੇ ਆਪਣੀ ਕਾਰ ਵਿੱਚ ਜਾ ਵੜਦਾ ਹੈ ਤੇ ਕਾਰ ਭਜਾ ਕੇ ਚਲਾ ਜਾਂਦਾ ਹੈ। ਆਮ ਵੇਖਣ ਨੂੰ ਹੀ ਅਜਿਹੀ ਕਾਰਵਾਈ ਕਿੰਨੀ ਅਜੀਬ ਤੇ ਬੇਸ਼ਰਮੀ ਭਰੀ ਘਟੀਆ ਲੱਗਦੀ ਹੈ ਅਤੇ ਇਨ੍ਹਾਂ ਵਿਕਸਤ ਤੇ ਅਗਾਂਹ-ਵਧੂ ਦੇਸ਼ਾਂ ਵਿੱਚ ਤਾਂ ਅਜਿਹੀ ਹਰਕਤ ਹੋਰ ਵੀ ਖਿਨਾਉਣੀ ਸਮਝੀ ਜਾਂਦੀ ਹੈ।

ਇੱਥੇ ਕੈਨੇਡਾ ਵਿੱਚ ਲੋਕ-ਤੰਤਰ ਪ੍ਰਣਾਲੀ ਪਿਛਲੇ ਲੰਮੇਂ ਸਮੇਂ ਤੋਂ ਬਾਖ਼ੂਬੀ ਚੱਲ ਰਹੀ ਹੈ। ਫ਼ੈਡਰਲ, ਪ੍ਰੋਵਿੰਸ਼ੀਅਲ ਅਤੇ ਸਥਾਨਕ ਪੱਧਰ 'ਤੇ ਸਰਕਾਰਾਂ ਬਨਾਉਣ ਲਈ ਚੋਣਾਂ ਸਮੇਂ-ਸਿਰ ਕਰਵਾਈਆਂ ਜਾਂਦੀਆਂ ਹਨ ਅਤੇ ਇਨ੍ਹਾਂ ਚੋਣਾਂ ਵਿੱਚ ਖੜੇ ਹੋਣ ਵਾਲੇ ਉਮੀਦਵਾਰਾਂ ਨੂੰ ਆਪਣੇ ਹੱਕ ਵਿੱਚ ਪ੍ਰਚਾਰ ਕਰਨ ਦੀ ਪੂਰੀ ਖੁੱਲ੍ਹ ਹੁੰਦੀ ਹੈ। ਉਹ ਆਪਣੇ ਚੋਣ-ਦਫ਼ਤਰ ਬਣਾਉਂਦੇ ਹਨ, ਸਮੱਰਥਕਾਂ ਦੇ ਨਾਲ ਘਰੋ-ਘਰੀਂ ਜਾ ਕੇ ਲੋਕਾਂ ਦੇ ਦਰਵਾਜ਼ੇ 'ਨੌਕ' ਕਰਦੇ ਹਨ ਅਤੇ ਪਿਛਲੇ ਸਮੇਂ ਦੌਰਾਨ ਆਪਣੇ ਵੱਲੋਂ ਕੀਤੇ ਗਏ ਸਮਾਜਿਕ ਤੇ ਲੋਕ-ਭਲਾਈ ਦੇ ਕੰਮਾਂ ਬਾਰੇ ਲੋਕਾਂ ਨੂੰ ਦੱਸ ਕੇ ਉਨ੍ਹਾਂ ਕੋਲੋਂ ਵੋਟਾਂ ਦੀ ਮੰਗ ਕਰਦੇ ਹਨ। ਆਪਣੇ ਚੋਣ-ਪ੍ਰਚਾਰ ਲਈ ਉਹ ਸਾਈਨਾਂ, ਹੈਂਡ-ਬਿੱਲਾਂ ਅਤੇ ਪ੍ਰਚਾਰ ਦੇ ਕਈ ਹੋਰ ਸਾਧਨਾਂ ਦੀ ਵਰਤੋਂ ਕਰਦੇ ਹਨ। ਇਹ ਉਨ੍ਹਾਂ ਦਾ ਕਾਨੂੰਨੀ ਅਧਿਕਾਰ ਹੈ, ਜਿਸ ਦੀ ਵਰਤੋਂ ਉਹ ਇਨ੍ਹਾਂ ਚੋਣਾਂ ਦੌਰਾਨ ਖੁੱਲ੍ਹ ਕੇ ਕਰਦੇ ਹਨ। ਫਿਰ ਕਿਸੇ ਵੀ ਉਮੀਦਵਾਰ ਨੂੰ ਉਸਦੇ ਇਸ ਅਧਿਕਾਰ ਤੋਂ ਕਿਉਂ ਰੋਕਿਆ ਜਾਏ? ਉਸਦੇ ਸਾਈਨ-ਬੋਰਡ ਕਿਉਂ ਪੁੱਟੇ ਜਾਣ ਜਾਂ ਤੋੜੇ-ਮਰੋੜੇ ਜਾਣ? ਪੁਲਿਸ ਨੂੰ ਅਜਿਹੀਆਂ ਘਟੀਆ ਕਾਰਵਾਈਆਂ ਕਰਨ ਵਾਲਿਆਂ ਵਿਰੁੱਧ ਤੁਰਤ ਲੋੜੀਂਦਾ ਐਕਸ਼ਨ ਲੈਣਾ ਚਾਹੀਦਾ ਹੈ ਅਤੇ ਇਸ ਨੂੰ ਕਾਨੂੰਨੀ ਜੁਰਮ ਕਰਾਰ ਦਿੰਦਿਆਂ ਹੋਇਆਂ ਦੋਸ਼ੀਆਂ ਨੂੰ ਬਣਦੀ ਸਜ਼ਾ ਦੇਣੀ ਚਾਹੀਦੀ ਹੈ। ਸਤਪਾਲ ਸਿੰਘ ਜੌਹਲ ਵੱਲੋਂ ਇਸ ਮੰਦਭਾਗੀ ਘਟਨਾ 'ਤੇ ਭਾਰੀ ਅਫ਼ਸੋਸ ਦਾ ਪ੍ਰਗਟਾਵਾ ਕੀਤਾ ਗਿਆ ਹੈ।

ਸਥਾਨਕ ਸਿਟੀ ਸਰਕਾਰ ਦੀਆਂ ਚੋਣਾਂ 26 ਅਕਤੂਬਰ ਨੂੰ ਹੋ ਰਹੀਆਂ ਹਨ ਅਤੇ ਇਸਦੇ ਲਈ ਐਡਵਾਂਸ ਪੋਲ ਸ਼ੁਰੂ ਹੋ ਚੁੱਕੀ ਹੈ। ਪਿਛਲੇ ਹਫ਼ਤੇ 10 ਤੇ 11 ਅਕਤੂਬਰ ਨੂੰ ਐਡਵਾਂਸ-ਪੋਲ ਨਿਰਧਾਰਤ ਸਥਾਨਾਂ 'ਤੇ ਹੋਈ ਸੀ ਅਤੇ ਇਹ ਇਸ ਹਫ਼ਤੇ ਵੀ ਹੋ ਰਹੀ ਹੈ। ਬਰੈਂਪਟਨ ਸ਼ਹਿਰ ਦੇ ਵੱਖ-ਵੱਖ ਵਾਰਡਾਂ ਤੋਂ ਬਹੁਤ ਸਾਰੇ ਉਮੀਦਵਾਰ ਮੇਅਰ, ਰੀਜਨਲ ਕੌਂਸਲਰ, ਸਿਟੀ ਕੌਂਸਲਰ ਅਤੇ ਸਕੂਲ-ਟਰੱਸਟੀ ਦੇ ਅਹੁਦਿਆਂ ਲਈ ਆਪਣੀ ਕਿਸਮਤ ਅਜ਼ਮਾਈ ਕਰ ਰਹੇ ਹਨ ਅਤੇ ਆਪਣੇ ਹੱਕ ਵਿੱਚ ਖ਼ੂਬ ਚੋਣ-ਪ੍ਰਚਾਰ ਕਰ ਰਹੇ ਹਨ।

ਵਾਰਡ ਨੰਬਰ 9-10 ਤੋਂ ਰੀਜਨਲ ਕੌਂਸਲਰ ਦੇ ਉਮੀਦਵਾਰ ਵਜੋਂ ਚੋਣ ਲੜ ਰਹੇ ਸਤਪਾਲ ਸਿੰਘ ਜੌਹਲ ਬਰੈਂਪਟਨ ਦੀ ਜਾਣੀ-ਪਛਾਣੀ ਸ਼ਖ਼ਸੀਅਤ ਹਨ। ਉਹ ਪਿਛਲੇ 25-30 ਸਾਲ ਤੋਂ ਉਹ ਬਰੈਂਪਟਨ ਵਿੱਚ ਵੱਖ-ਵੱਖ ਢੰਗਾਂ-ਤਰੀਕਿਆਂ ਨਾਲ ਲੋਕ-ਸੇਵਾ ਵਿੱਚ ਜੁੱਟੇ ਹੋਏ ਹਨ। ਪੱਤਰਕਾਰੀ ਦੇ ਖੇਤਰ ਵਿੱਚ ਉਨ੍ਹਾਂ ਦਾ ਲੰਮਾਂ ਤਜਰਬਾ ਹੈ। ਜਲੰਧਰ ਤੋਂ ਵੱਡੀ ਗਿਣਤੀ ਵਿੱਚ ਛਪ ਰਹੀ ਰੋਜ਼ਾਨਾ ਪੰਜਾਬੀ ਅਖ਼ਬਾਰ 'ਅਜੀਤ' ਦੀ ਟੋਰਾਂਟੋ ਖੇਤਰ ਦੇ ਪੱਤਰਕਾਰ ਵਜੋਂ ਪਿਛਲੇ 2-3 ਦਹਾਕਿਆਂ ਤੋਂ ਪ੍ਰਤੀਨਿਧਤਾ ਕਰਦੇ ਆ ਰਹੇ। ਉਹ ਬਰੈਂਪਟਨ ਦੇ ਸਥਾਨਕ ਰੇਡੀਓ ਅਤੇ ਟੀ.ਵੀ. ਪ੍ਰੋਗਰਮਾਂ ਵਿੱਚ ਅਕਸਰ ਵੱਖ-ਵੱਖ ਮਸਲਿਆਂ ਉੱਪਰ ਆਪਣੇ ਵਿਚਾਰ ਪੇਸ਼ ਕਰਦੇ ਰਹਿੰਦੇ ਹਨ, ਜਿਨ੍ਹਾਂ ਨੂੰ ਸਰੋਤਿਆਂ ਤੇ ਦਰਸ਼ਕਾਂ ਵੱਲੋਂ ਭਰਪੂਰ ਹੁੰਗਾਰਾ ਮਿਲਦਾ ਹੈ। ਪੱਤਰਕਾਰੀ ਦੇ ਉਨ੍ਹਾਂ ਦੇ ਲੰਮੇਂ ਤੇ ਅਸਰਦਾਰ ਤਜਰਬੇ ਨੂੰ ਮੁੱਖ ਰੱਖਦਿਆਂ ਕੈਨੇਡਾ ਦੇ ਪ੍ਰਧਾਨ ਮੰਤਰੀ ਸਮੇਂ-ਸਮੇਂ ਆਪਣੇ ਵਿਦੇਸ਼ੀ ਦੌਰਿਆਂ ਦੌਰਾਨ ਉਨ੍ਹਾਂ ਨੂੰ ਆਪਣੇ ਵਫ਼ਦ ਵਿੱਚ ਸ਼ਾਮਲ ਕਰਦੇ ਰਹੇ ਹਨ। ਇਨ੍ਹਾਂ ਸਥਾਨਕ ਚੋਣਾਂ ਵਿੱਚ ਉਹ ਇਕੱਲੇ ਹੀ ਪੱਤਰਕਾਰ ਹਨ, ਜਿਨ੍ਹਾਂ ਨੂੰ ਸਥਾਨਕ ਮੀਡੀਏ ਵੱਲੋਂ ਭਰਪੂਰ ਹੁੰਗਾਰਾ ਮਿਲ ਰਿਹਾ ਹੈ। ਮੀਡੀਆਕਾਰਾਂ ਦੀ ਮੰਗ 'ਤੇ ਉਹ ਰੋਜ਼ਾਨਾ ਦੋ-ਤਿੰਨ ਅਤੇ ਕਈ ਵਾਰ ਇਸ ਤੋਂ ਵੀ ਵਧੇਰੇ ਰੇਡੀਓ ਅਤੇ ਟੀ.ਵੀ. ਪ੍ਰੋਗਰਮਾਂ ਵਿੱਚ ਸ਼ਾਮਲ ਹੁੰਦੇ ਹਨ ਅਤੇ ਪਿਛਲੇ ਸਮੇਂ ਦੌਰਾਨ ਆਪਣੇ ਵੱਲੋਂ ਕੀਤੇ ਗਏ ਕੰਮਾਂ ਬਾਰੇ ਲੋਕਾਂ ਨੂੰ ਜਾਣੂੰ ਕਰਵਾਉਂਦੇ ਹਨ।

ਪਾਠਕਾਂ ਨੂੰ ਇਹ ਭਲੀ-ਭਾਂਤ ਯਾਦ ਹੋਵੇਗਾ ਕਿ ਕੈਨੇਡਾ ਦੀ ਪੀ.ਆਰ. ਪ੍ਰਾਪਤ ਕਰਨ ਲਈ 'ਲਿਮੇ' (ਐੱਲ.ਐੱਮ.ਆਈ.ਏ.) ਦੀ ਹੋ ਰਹੀ ਲੁੱਟ ਦੇ ਵਿਰੁੱਧ ਪਿਛਲੇ 7-8 ਸਾਲਾਂ ਦੌਰਾਨ ਉਨ੍ਹਾਂ ਨੇ ਜ਼ੋਰਦਾਰ ਆਵਾਜ਼ ਉਠਾ ਕੇ ਬੜੇ ਸਿਰੜ ਨਾਲ ਇਸ ਨੂੰ ਬੰਦ ਕਰਵਾਉਣ ਵਿੱਚ ਆਪਣਾ ਅਹਿਮ ਯੋਗਦਾਨ ਪਾਇਆ ਹੈ। ਪਿਛਲੀ ਸਥਾਨਕ ਸਰਕਾਰ ਚੋਣ ਵਿੱਚ 2022 ਵਿੱਚ ਉਹ ਵਾਰਡ ਨੰਬਰ 9-10 ਤੋਂ ਸਕੂਲ-ਟਰੱਸਟੀ ਵਜੋਂ ਸਫ਼ਲ ਹੋਏ ਸਨ ਅਤੇ ਇਸ ਪੋਜ਼ੀਸ਼ਨ ਉੱਪਰ ਉਨ੍ਹਾਂ ਨੇ ਬੜੀ ਲਗਨ, ਸਖ਼ਤ ਮਿਹਨਤ ਅਤੇ ਜ਼ਿੰਮੇਵਾਰੀ ਨਾਲ ਕੰਮ ਕਰਦਿਆਂ ਹੋਇਆਂ ਵਿਦਿਆਰਥੀਆਂ ਦੇ ਬਹੁਤ ਸਾਰੇ ਮਸਲੇ ਹੱਲ ਕਰਵਾਏ ਸਨ। ਸਕੂਲਾਂ ਵਿੱਚ ਪੰਜਾਬੀ ਭਾਸ਼ਾ ਇੱਕ ਵਿਸ਼ੇ ਵਜੋਂ ਪੜ੍ਹਾਏ ਜਾਣ ਅਤੇ ਖੇਡਾਂ ਵਿੱਚ ਪੰਜਾਬੀਆਂ ਦੀ ਮਾਂ-ਖੇਡ 'ਕਬੱਡੀ' ਨੂੰ ਸ਼ਾਮਲ ਕਰਵਾਉਣ ਲਈ ਉਨ੍ਹਾਂ ਨੇ ਮਹੱਤਵਪੂਰਨ ਕੰਮ ਕੀਤਾ ਹੈ। ਸਕੂਲ-ਟਰੱਸਟੀ ਵਜੋਂ ਉਨ੍ਹਾਂ ਦੀਆਂ ਮਾਣਮੱਤੀਆਂ ਸੇਵਾਵਾਂ ਨੂੰ ਮੁੱਖ ਰੱਖਦਿਆਂ ਪੀਲ ਡਿਸਟ੍ਰਿਕਟ ਸਕੂਲ ਬੋਰਡ ਵਿੱਚ ਉਨ੍ਹਾਂ ਨੂੰ 'ਡਿਪਟੀ ਚੇਅਰ' ਦਾ ਉਚੇਰਾ ਰੁਤਬਾ ਹਾਸਲ ਹੋਇਆ ਜੋ ਸਮੂਹ ਪੰਜਾਬੀ ਕਮਿਊਨਿਟੀ ਲਈ ਬੜੇ ਮਾਣ ਵਾਲੀ ਗੱਲ ਹੈ।

26 ਅਕਤੂਬਰ ਨੂੰ ਹੋ ਰਹੀ ਸਥਾਨਕ ਸਰਕਾਰ ਦੀ ਇਸ ਚੋਣ ਵਿੱਚ ਸਤਪਾਲ ਸਿੰਘ ਜੌਹਲ ਓਸੇ ਹੀ ਵਾਰਡ ਨੰਬਰ 9-10 ਤੋਂ ਇਸ ਵਾਰ ਰੀਜਨਲ ਕੌਂਸਲਰ ਦੇ ਉਮੀਦਵਾਰ ਵਜੋਂ ਚੋਣ ਲੜ ਰਹੇ ਹਨ। ਇਨ੍ਹਾਂ ਸਥਾਨਕ ਚੋਣਾਂ ਦੌਰਾਨ ਉਨ੍ਹਾਂ ਦਾ ਏਜੰਡਾ ਬੜਾ ਸਪੱਸ਼ਟ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਉਹ ਖ਼ੁਦ ਆਪ ਨਹੀਂ, ਸਗੋਂ ਪਿਛਲੇ ਸਮੇਂ ਵਿੱਚ ਕੀਤਾ ਹੋਇਆ ਉਨ੍ਹਾਂ ਦਾ ਕੰਮ ਬੋਲਦਾ ਹੈ ਅਤੇ ਉਨ੍ਹਾਂ ਨੂੰ ਪੂਰਨ ਵਿਸ਼ਵਾਸ ਹੈ ਕਿ ਲੋਕ ਉਨ੍ਹਾਂ ਦੇ ਕੀਤੇ ਕੰਮ ਨੂੰ ਮੁੱਖ ਰੱਖਦਿਆਂ ਹੋਇਆਂ ਉਨ੍ਹਾਂ ਨੂੰ ਵੋਟਾਂ ਪਾ ਕੇ ਜ਼ਰੂਰ ਜਿਤਾਉਣਗੇ। ਉਹ ਆਪਣੇ ਵਾਰਡ 9-10 ਵਿੱਚ ਘਰ-ਘਰ ਜਾ ਕੇ 'ਡੋਰ-ਨੌਕਿੰਗ' ਕਰਕੇ ਵੋਟਰਾਂ ਨਾਲ ਸੰਪਰਕ ਕਰਕੇ ਉਨ੍ਹਾਂ ਨੂੰ ਆਪਣੇ ਹੱਕ ਵਿੱਚ ਵੋਟ ਪਾਉਣ ਲਈ ਬੇਨਤੀ ਕਰ ਰਹੇ ਹਨ। ਲੋਕਾਂ ਵੱਲੋਂ ਉਨ੍ਹਾਂ ਨੂੰ ਬਹੁਤ ਵਧੀਆ ਹੁੰਗਾਰਾ ਮਿਲ ਰਿਹਾ ਹੈ ਅਤੇ ਉਨ੍ਹਾਂ ਵੱਲੋਂ ਕੀਤੀਆਂ ਜਾ ਰਹੀਆਂ ਨੁੱਕੜ-ਮੀਟਿੰਗਾਂ ਵਿੱਚ ਵੱਡੀ ਗਿਣਤੀ ਵਿੱਚ ਲੋਕ ਸ਼ਾਮਲ ਹੋ ਕੇ ਉਨ੍ਹਾਂ ਦੇ ਵਿਚਾਰ ਸੁਣ ਰਹੇ ਹਨ। ਆਪਣੇ ਚੋਣ-ਏਜੰਡੇ ਵਿੱਚ ਉਹ ਬਰੈਂਪਟਨ ਵਿੱਚ ਨੌਜੁਆਨਾਂ ਲਈ ਤਕਨੀਕੀ ਸਿੱਖਿਆ ਦੇ ਆਧਾਰਿਤ ਨਵੀਆਂ ਨੌਕਰੀਆਂ ਪੈਦਾ ਕਰਨ ਉੱਪਰ ਜ਼ੋਰ ਦੇ ਰਹੇ ਹਨ। ਉਹ ਬਰੈਂਪਟਨ ਵਿੱਚ ਸੰਪੂਰਨ ਯੂਨੀਵਰਸਿਟੀ ਅਤੇ ਤਕਨੀਕੀ ਅਦਾਰੇ ਕਾਇਮ ਕਰਨਾ ਚਾਹੁੰਦੇ ਹਨ। ਉਹ ਬਰੈਂਪਟਨ ਦੇ ਟੈਕਸ-ਦਾਤਿਆਂ ਵੱਲੋਂ ਟੈਕਸ ਦੇ ਰੂਪ ਵਿੱਚ ਆਏ ਡਾਲਰਾਂ ਦੀ ਫ਼ਜ਼ੂਲ ਖ਼ਰਚੀ ਕਰਨ ਦੇ ਸਖ਼ਤ ਵਿਰੁੱਧ ਹਨ। ਇਸਦੇ ਨਾਲ ਹੀ ਉਨ੍ਹਾਂ ਦਾ ਕਹਿਣਾ ਹੈ ਕਿ ਜੇਕਰ ਲੋਕ ਉਨ੍ਹਾਂ ਨੂੰ ਬਰੈਂਪਟਨ ਸਿਟੀ ਹਾਲ ਵਿੱਚ ਜਾਣ ਦਾ ਮੌਕਾ ਦਿੰਦੇ ਹਨ ਤਾਂ ਉਹ ਉੱਥੇ ਬਰੈਂਪਟਨ-ਵਾਸੀਆਂ ਨੂੰ ਸਰਦੀਆਂ ਵਿੱਚ ਹੁੰਦੀ ਬਰਫ਼ਬਾਰੀ ਦੌਰਾਨ ਬਰਫ਼ ਹਟਾਉਣ ਵਾਲੇ ਟਰੱਕਾਂ ਵੱਲੋਂ ਘਰਾਂ ਦੇ ਅੱਗੇ 'ਵੱਟਾਂ' ਖੜੀਆਂ ਕੀਤੇ ਜਾਣ ਦੀ ਵੱਡੀ ਮੁਸ਼ਕਲ ਨੂੰ ਹੱਲ ਕਰਨ ਦੇ ਹੱਕ ਵਿੱਚ ਜ਼ੋਰਦਾਰ ਆਵਾਜ਼ ਉਠਾਉਣਗੇ। ਉਹ ਇਸ਼ਤਿਹਾਰਬਾਜ਼ੀ ਵਿੱਚ ਯਕੀਨ ਨਹੀਂ ਰੱਖਦੇ ਅਤੇ ਇਸੇ ਲਈ ਅਖ਼ਬਾਰਾਂ ਤੇ ਹੋਰ ਮੀਡੀਏ 'ਚ ਉਨ੍ਹਾਂ ਨੇ ਆਪਣਾ ਕੋਈ ਇਸ਼ਤਿਹਾਰ ਨਹੀਂ ਦਿੱਤਾ। ਉਨ੍ਹਾਂ ਦਾ ਕਹਿਣਾ ਕਿ ਪਿਛਲੇ ਸਮੇਂ ਵਿੱਚ ਉਨ੍ਹਾਂ ਵੱਲੋਂ ਕੀਤਾ ਗਿਆ ਕੰਮ ਹੀ ਉਨ੍ਹਾਂ ਦਾ 'ਇਸ਼ਤਿਹਾਰ' ਹੈ। ਅਲਬੱਤਾ! ਇਸ ਚੋਣ ਲਈ ਹੋਰ ਉਮੀਦਵਾਰਾਂ ਵਾਂਗ ਉਨ੍ਹਾਂ ਵੱਲੋਂ ਵੀ ਕੁਝ ਅਹਿਮ ਚੌਰਸਤਿਆਂ ਉੱਪਰ ਗਿਣਤੀ ਦੇ ਕੁਝ ਬੋਰਡ ਜ਼ਰੂਰ ਲਗਵਾਏ ਗਏ ਹਨ, ਜਿਨ੍ਹਾਂ ਵਿੱਚੋਂ ਕਈ ਸ਼ਰਾਰਤੀ ਅਨਸਰਾਂ ਵੱਲੋਂ ਪੁੱਟੇ ਜਾਣ ਦੀ ਸ਼ਿਕਾਇਤ ਉਨ੍ਹਾਂ ਨੂੰ ਮਿਲੀ ਹੈ ਜੋ ਕਿ ਬੜੀ ਘਟੀਆ ਹਰਕਤ ਹੈ ਅਤੇ ਉਹ ਇਸਦੀ ਸਖ਼ਤ ਨਿਖੇਧੀ ਕਰਦੇ ਹਨ। ਸਹੀ ਗੱਲ ਹੈ, ਕਿਸੇ ਉਮੀਦਵਾਰ ਦੇ ਸਾਈਨ ਉਖਾੜ ਕੇ ਉਸ ਨੂੰ ਲੋਕਾਂ ਦੇ ਦਿਲਾਂ 'ਚੋਂ ਬਾਹਰ ਨਹੀਂ ਕੀਤਾ ਜਾ ਸਕਦਾ। ਉਹ ਤਾਂ ਉਨ੍ਹਾਂ ਦੇ ਦਿਲਾਂ 'ਚ ਵੱਸਦਾ ਹੈ।

ਡਾ. ਸੁਖਦੇਵ ਸਿੰਘ ਝੰਡ, +91 647-567-9128

ਲਾਰੈਂਸ ਗੈਂਗ ਨੇ ਲਈ ਅਦਾਕਾਰ ਟਾਈਗਰ ਸ਼ਰਾਫ 'ਤੇ ਹੋਈ ਗੋਲੀਬਾਰੀ ਦੀ ਜ਼ਿੰਮੇਵਾਰੀ

ਅਦਾਕਾਰ ਟਾਈਗਰ ਸ਼ਰਾਫ ਐਤਵਾਰ ਸ਼ਾਮ 7 ਵਜੇ ਮੁੰਬਈ ਵਿੱਚ ਗੋਲੀਬਾਰੀ ਦੀ ਇੱਕ ਘਟਨਾ ਦਾ ਸ਼ਿਕਾਰ ਹੋ ਗਏ। ਟਾਈਗਰ ਨੂੰ ਕੱਚ ਦੇ ਟੁਕੜਿਆਂ ਕਾਰਨ ਸੱਟਾਂ ਲੱਗੀਆਂ ਹਨ ਅਤੇ ਉਨ੍ਹਾਂ ਦੇ ਹੱਥ 'ਤੇ ਗਨਪਾਊਡਰ ਕਾਰਨ ਸੜਨ ਦੇ ਨਿਸ਼ਾਨ ਹਨ। ਇਸ ਦੌਰਾਨ, ਟਾਈਗਰ ਦੇ ਡਰਾਈਵਰ ਅਤੇ ਇੱਕ ਹੋਰ ਵਿਅਕਤੀ ਨੂੰ ਗੋਲੀਆਂ ਲੱਗੀਆਂ। ਦੋਵੇਂ ਹੁਣ ਖ਼ਤਰੇ ਤੋਂ ਬਾਹਰ ਹਨ। ਜਦੋਂ ਟਾਈਗਰ ਫੁੱਟਬਾਲ ਖੇਡ ਕੇ ਵਾਪਸ ਆ ਰਿਹਾ ਸੀ, ਤਾਂ ਜੁਹੂ ਦੇ ਪੁਸ਼ਪਾ ਪਾਰਕ ਨੇੜੇ ਉਸ ਦੀ ਕਾਰ ਰੁਕ ਗਈ। ਉੱਥੇ ਉਸ ਦੀ ਝਲਕ ਪਾਉਣ ਲਈ ਲੋਕਾਂ ਦੀ ਭੀੜ ਇਕੱਠੀ ਹੋ ਗਈ ਸੀ। ਠੀਕ ਉਸੇ ਸਮੇਂ, ਮੋਟਰਸਾਈਕਲ 'ਤੇ ਸਵਾਰ ਤਿੰਨ ਵਿਅਕਤੀ ਉੱਥੇ ਪਹੁੰਚੇ ਅਤੇ ਉਨ੍ਹਾਂ ਨੇ ਟਾਈਗਰ ਦੀ ਕਾਰ 'ਤੇ ਪੰਜ ਗੋਲੀਆਂ ਚਲਾਈਆਂ। ਇਹ ਘਟਨਾ ਜੁਹੂ ਪੁਲਿਸ ਸਟੇਸ਼ਨ ਤੋਂ ਮਹਿਜ਼ 350 ਮੀਟਰ ਦੀ ਦੂਰੀ 'ਤੇ ਵਾਪਰੀ।

ਹਮਲੇ ਤੋਂ ਬਾਅਦ, ਸੋਸ਼ਲ ਮੀਡੀਆ 'ਤੇ ਇੱਕ ਪੋਸਟ ਅਤੇ ਇੱਕ ਆਡੀਓ ਕਲਿੱਪ ਵਾਇਰਲ ਹੋਈ ਹੈ। ਇਨ੍ਹਾਂ ਵਿੱਚ ਲਾਰੈਂਸ ਗੈਂਗ ਦੇ ਅਨਿਲ ਪੰਡਿਤ ਨੇ ਗੋਲੀਬਾਰੀ ਦੀ ਜ਼ਿੰਮੇਵਾਰੀ ਲਈ ਹੈ ਅਤੇ ਕਿਹਾ ਹੈ ਕਿ ਜੋ ਕੋਈ ਵੀ ਸਲਮਾਨ ਖਾਨ ਨਾਲ ਕੰਮ ਕਰੇਗਾ, ਉਸ ਦਾ ਇਹੀ ਹਸ਼ਰ ਹੋਵੇਗਾ। ਇਕ ਪੋਸਟ ਵੀ ਵਾਇਰਲ ਹੋ ਰਹੀ ਹੈ ਜਿਸ ਵਿਚ ਲਿਖਿਆ ਗਿਆ ਹੈ ਕਿ ਟਾਈਗਰ ਨੂੰ ਫੋਨ 'ਤੇ ਸਮਝਾਇਆ ਸੀ ਪਰ ਉਸ ਨੂੰ ਸਮਝ ਨਹੀਂ ਆਈ। ਹੁਣ ਉਸ ਨੂੰ ਵਧੀਆ ਤਰ੍ਹਾਂ ਸਮਝਾ ਦਿੱਤਾ। ਸਲਮਾਨ ਖ਼ਾਨ ਨਾਲ ਕੰਮ ਕਰਨ ਵਾਲੇ ਦਾ ਅਗਲਾ ਨੰਬਰ ਹੋਵੇਗਾ। ਰੋਜ਼ਾਨਾ ਸਪੋਕਸਮੈਨ ਇਸ ਵਾਇਰਲ ਪੋਸਟ ਦੀ ਪੁਸ਼ਟੀ ਨਹੀਂ ਕਰਦਾ।

ਆਡੀਓ ਵਿੱਚ, ਅਨਿਲ ਪੰਡਿਤ ਵਜੋਂ ਆਪਣੀ ਪਛਾਣ ਦੱਸਣ ਵਾਲਾ ਇੱਕ ਵਿਅਕਤੀ ਸਲਮਾਨ ਖਾਨ ਨੂੰ ਧਮਕੀਆਂ ਵੀ ਦੇ ਰਿਹਾ ਹੈ। ਉਸ ਦਾ ਦਾਅਵਾ ਹੈ ਕਿ ਉਹ ਸਲਮਾਨ ਅਤੇ ਉਸ ਦੇ ਪਰਿਵਾਰ ਨੂੰ ਖ਼ਤਮ ਕਰ ਦੇਵੇਗਾ, ਭਾਵੇਂ ਉਨ੍ਹਾਂ ਦੀ ਸੁਰੱਖਿਆ ਕਿੰਨੀ ਵੀ ਸਖ਼ਤ ਕਿਉਂ ਨਾ ਹੋਵੇ। ਲਾਰੈਂਸ ਗੈਂਗ ਦੀ ਵਾਇਰਲ ਪੋਸਟ ਤੋਂ ਬਾਅਦ, ਬਾਲੀਵੁੱਡ ਫਿਲਮ ਵਿੱਚ ਟਾਈਗਰ ਸ਼ਰਾਫ ਅਤੇ ਸਲਮਾਨ ਖਾਨ ਦੇ ਇਕੱਠੇ ਕੰਮ ਕਰਨ ਦੀ ਸੰਭਾਵਨਾ ਬਾਰੇ ਚਰਚਾ ਸ਼ੁਰੂ ਹੋ ਗਈ। ਹਾਲਾਂਕਿ, ਫਿਲਮ ਉਦਯੋਗ ਦੇ ਸੂਤਰਾਂ ਅਨੁਸਾਰ, ਅਜਿਹੇ ਕਿਸੇ ਪ੍ਰੋਜੈਕਟ ਬਾਰੇ ਕੋਈ ਅਧਿਕਾਰਤ ਪੁਸ਼ਟੀ ਨਹੀਂ ਹੋਈ ਹੈ। ਟਾਈਗਰ ਨੇ ਹਾਲ ਹੀ ਵਿੱਚ ਨਿਰਦੇਸ਼ਕ ਰੇਮੋ ਡਿਸੂਜ਼ਾ ਦੀ ਇੱਕ ਬਿਨਾਂ ਸਿਰਲੇਖ ਵਾਲੀ ਐਕਸ਼ਨ ਫਿਲਮ ਦੀ ਸ਼ੂਟਿੰਗ ਪੂਰੀ ਕੀਤੀ ਹੈ। ਇਸ ਤੋਂ ਬਾਅਦ, ਉਹ ਰਾਜ ਮਹਿਤਾ ਦੁਆਰਾ ਨਿਰਦੇਸ਼ਿਤ ਫਿਲਮ 'ਲੱਗ ਜਾ ਗਲੇ' 'ਤੇ ਕੰਮ ਕਰਨਗੇ, ਜਿਸ ਵਿੱਚ ਉਨ੍ਹਾਂ ਦੇ ਨਾਲ ਜਾਹਨਵੀ ਕਪੂਰ ਅਤੇ ਲਕਸ਼ ਵੀ ਨਜ਼ਰ ਆਉਣਗੇ। ਟਾਈਗਰ ਨੂੰ ਨਿਸ਼ਾਨਾ ਬਣਾ ਕੇ ਕੀਤੀ ਗਈ ਗੋਲੀਬਾਰੀ ਦੀ ਘਟਨਾ ਵਿੱਚ ਸ਼ਾਮਲ ਤਿੰਨੋਂ ਮੁਲਜ਼ਮ, ਵਾਰਦਾਤ ਵਿੱਚ ਵਰਤੇ ਗਏ ਮੋਟਰਸਾਈਕਲ ਨੂੰ ਅੰਧੇਰੀ ਰੇਲਵੇ ਸਟੇਸ਼ਨ 'ਤੇ ਛੱਡ ਕੇ ਮੌਕੇ ਤੋਂ ਫਰਾਰ ਹੋ ਗਏ। ਮੁੰਬਈ ਪੁਲਿਸ ਨੇ ਇਸ ਮੋਟਰਸਾਈਕਲ ਨੂੰ ਜ਼ਬਤ ਕਰ ਲਿਆ ਹੈ। ਪੁਲਿਸ

ਸਾਡਾ ਨੌਜਵਾਨ ਕਿਉਂ ਨਸ਼ੇ ਵੱਲ ਜਾ ਰਿਹਾ ਹੈ?

ਪੰਜਾਬ ਨੇ ਅਨੇਕਾਂ ਹੀ ਮੁਸ਼ਕਿਲਾਂ ਦਾ ਸਾਹਮਣਾ ਕੀਤਾ ਹੈ। ਪਰ ਉਹਨਾਂ ਮੁਸ਼ਕਿਲਾਂ ਨਾਲ ਨਜਿੱਠਣਾ ਬਹੁਤ ਔਖਾ ਹੋ ਜਾਂਦਾ ਹੈ ਜੋ ਸਾਡੇ ਸਮਾਜ ਵਿੱਚੋਂ ਪਨਪਦੀਆਂ ਹਨ। ਇਹ ਠੀਕ ਹੈ ਕਿ ਨਸ਼ਾ ਵਿਕਦਾ ਹੈ ਇਸ ਲਈ ਲੋਕ ਨਸ਼ਾ ਕਰਦੇ ਹਨ। ਸੋਚਣ ਵਾਲੀ ਗੱਲ ਇਹ ਹੈ ਕਿ ਲੋਕ ਨਸ਼ਾ ਕਰਦੇ ਕਿਉਂ ਹਨ? ਸਾਡਾ ਨੌਜਵਾਨ ਕਿਉਂ ਨਸ਼ੇ ਵੱਲ ਜਾ ਰਿਹਾ ਹੈ?

ਸਾਡੀ ਨੌਜਵਾਨੀ ਇੱਕ ਅਜਿਹੀ ਸਥਿਤੀ ਵਿੱਚੋਂ ਗੁਜ਼ਰ ਰਹੀ ਹੈ ਜਿੱਥੇ ਉਸਨੂੰ ਸਾਹਮਣੇ ਕੁਝ ਵੀ ਵਿਖਾਈ ਨਹੀਂ ਦਿੰਦਾ। ਨੌਕਰੀ ਮਿਲਦੀ ਨਹੀਂ। ਆਪਣਾ ਕੰਮ ਚਲਾਉਣਾ ਆਉਂਦਾ ਨਹੀਂ। ਅਜਿਹੇ ਵਿੱਚ ਜਦੋਂ ਪਰਿਵਾਰ ਤੇ ਸਮਾਜ ਵੱਲੋਂ ਉਸ ਤੇ ਦਬਾਅ ਬਣਾਇਆ ਜਾਂਦਾ ਹੈ ਇਹ ਪੁੱਛ ਕੇ ਕਿ ਉਹ ਕੀ ਕਰਦਾ ਹੈ ਤਾਂ ਉਸ ਕੋਲ ਇਕ ਸੁਖਾਲਾ ਰਾਹ ਹੁੰਦਾ ਹੈ ਨਸ਼ੇ ਵੱਲ ਮੁੜ ਜਾਣ ਦਾ।

ਨਸ਼ਾ ਕੁਝ ਪਲਾਂ ਲਈ ਤੁਹਾਨੂੰ ਅਸਲੀਅਤ ਭੁਲਾ ਦਿੰਦਾ ਹੈ। ਬਸ ਆਪਣੀ ਪਰੇਸ਼ਾਨੀ ਤੋਂ ਬਚਦੇ ਹੋਏ ਕੋਈ ਇੱਕ ਵਾਰ ਨਸ਼ਾ ਕਰਦਾ ਹੈ। ਕੁਝ ਪਲ ਉਸ ਨੂੰ ਸਕੂਨ ਲੱਗਦਾ ਹੈ ਤੇ ਫਿਰ ਉਹ ਦੂਜੀ ਵਾਰ ਨਸ਼ਾ ਕਰਦਾ ਹੈ। ਹੌਲੀ ਹੌਲੀ ਨਸ਼ਾ ਉਸ ਦੀ ਜ਼ਰੂਰਤ ਬਣ ਜਾਂਦੀ ਹੈ। ਨਸ਼ਾ ਨਾ ਮਿਲਣ ਤੇ ਉਹ ਮਾਰ ਕੁੱਟ ਚੋਰੀ ਕੁਝ ਵੀ ਕਰਦਾ ਹੈ। ਅਜਿਹੀ ਸਥਿਤੀ ਪਰਿਵਾਰ ਲਈ ਵੀ ਬਹੁਤ ਔਖੀ ਹੁੰਦੀ ਹੈ।

ਨਸ਼ਾ ਕਰਨ ਵਾਲੇ ਨੂੰ ਨਸ਼ਾ ਕਰਨ ਤੋਂ ਰੋਕਣ ਦਾ ਕੋਈ ਆਸਾਨ ਤਰੀਕਾ ਨਹੀਂ ਹੈ। ਉਸਨੂੰ ਸਮਾਜ ਇੱਕ ਵਾਰ ਨਸ਼ੇੜੀ ਬਣਾ ਲੈਂਦਾ ਹੈ ਤੇ ਫਿਰ ਜੇ ਉਹ ਹਟ ਵੀ ਜਾਵੇ ਤਾਂ ਉਸਦਾ ਅਤੀਤ ਉਸਦੇ ਨਾਲ ਚਲਦਾ ਹੈ। ਉਹ ਨਸ਼ੇ ਨੂੰ ਛੱਡ ਦਿੰਦਾ ਹੈ ਪਰ ਨਸ਼ੇ ਦੀ ਮੋਹਰ ਉਸਨੂੰ ਨਹੀਂ ਛੱਡਦੀ। ਉਦਾਸੀਨ ਹੋ ਕੇ ਉਹ ਫਿਰ ਨਸ਼ੇ ਵੱਲ ਜਾਂਦਾ ਹੈ। ਇਹ ਸਾਰਾ ਕੁਝ ਇੱਕ ਚੱਕਰ ਵਿਊ ਬਣ ਜਾਂਦਾ ਹੈ। ਇਸ ਵਿੱਚੋਂ ਨਿਕਲਣਾ ਉਸ ਇਕੱਲੇ ਲਈ ਬਹੁਤ ਔਖਾ ਹੈ।

ਨਸ਼ਾ ਰੋਕਣਾ ਪੁਲਿਸ ਤੇ ਪ੍ਰਸ਼ਾਸਨ ਦਾ ਕੰਮ ਹੈ। ਆਪਣੇ ਬੱਚੇ ਜਾਂ ਪਰਿਵਾਰ ਦੇ ਜੀਅ ਨੂੰ ਨਸ਼ੇ ਵੱਲੋਂ ਤੋੜਨਾ ਪਰਿਵਾਰ ਤੇ ਸਮਾਜ ਦਾ ਕੰਮ ਹੈ। ਇੱਕ ਗੱਲ ਅਕਸਰ ਕਹੀ ਜਾਂਦੀ ਹੈ ਕਿ ਨਫਰਤ ਨਸ਼ੇ ਨੂੰ ਕਰੋ ਨਸ਼ਾ ਕਰਨ ਵਾਲੇ ਨੂੰ ਨਹੀਂ। ਹੁਣ ਸਾਡਾ ਸਿਸਟਮ ਵੀ ਅਜਿਹਾ ਹੈ ਕਿ ਜਿਸ ਕੋਲੋਂ ਨਸ਼ਾ ਬਰਾਮਦ ਹੁੰਦਾ ਹੈ ਉਸਨੂੰ ਫੜ ਲਿਆ ਜਾਂਦਾ ਹੈ। ਇਹ ਗੱਲ ਧਿਆਨ ਵਿੱਚ ਰੱਖਣੀ ਜਰੂਰੀ ਹੈ ਕਿ ਉਹ ਤਾਂ ਖਰੀਦਦਾਰ ਹੈ। ਸਜ਼ਾ ਵਿਕਰੇਤਾ ਨੂੰ ਮਿਲਣੀ ਚਾਹੀਦੀ ਹੈ। ਜਿਸ ਨਸ਼ੇੜੀ ਨੂੰ ਫੜ ਕੇ ਅੰਦਰ ਕਰ ਦਿੱਤਾ ਜਾਂਦਾ ਹੈ ਉਹ ਤਾਂ ਖੁਦ ਮਰੀਜ਼ ਹੈ। ਨਸ਼ੇ ਦੀ ਲਤ ਤੋਂ ਬੁਰਾ ਕੁਝ ਵੀ ਨਹੀਂ।

ਜਦੋਂ ਕਿਸੇ ਨੂੰ ਨਸ਼ੇ ਦੀ ਤਲਬ ਲੱਗਦੀ ਹੈ ਤਾਂ ਫਿਰ ਉਹ ਕੁਝ ਨਹੀਂ ਵੇਖਦਾ। ਉਸ ਦੀ ਨੈਤਿਕਤਾ ਕਿਤੇ ਛਿੱਕੇ ਟੰਗੀ ਜਾਂਦੀ ਹੈ। ਉਹ ਘਰ ਦੇ ਭਾਂਡੇ ਤੱਕ ਵੇਚ ਦਿੰਦਾ ਹੈ। ਅੱਜ ਕੱਲ ਜੋ ਅਸੀਂ ਵੇਖ ਰਹੇ ਹਾਂ ਕਿ ਟੂਟੀਆਂ ਚੋਰੀ ਹੋ ਜਾਂਦੀਆਂ ਹਨ ਪਾਣੀ ਵਾਲੇ ਮੀਟਰ ਚੋਰੀ ਹੋ ਜਾਂਦੇ ਹਨ ਇਹ ਕੰਮ ਉਹ ਬੰਦਾ ਕਰ ਰਿਹਾ ਹੈ ਜੋ ਨਸ਼ੇ ਵਿੱਚ ਗਲਤਾਨ ਹੋ ਚੁੱਕਾ ਹੈ।

ਸਾਡੇ ਲਈ ਬਤੌਰ ਸਮਾਜ ਇਹ ਸ਼ਰਮ ਵਾਲੀ ਗੱਲ ਹੈ ਕਿ ਅਸੀਂ ਆਪਣੇ ਸਮਾਜ ਦੇ ਮਹੱਤਵਪੂਰਨ ਅੰਗ ਆਪਣੇ ਨੌਜਵਾਨਾਂ ਨੂੰ ਨਸ਼ੇ ਵੱਲ ਜਾਣ ਤੋਂ ਰੋਕ ਨਹੀਂ ਸਕੇ। ਸਿਰਫ ਇਹ ਕਹਿ ਦੇਣਾ ਕਿ ਨਸ਼ਾ ਵਿਕਦਾ ਹੈ ਇਸ ਲਈ ਇਸ ਨੂੰ ਰੋਕਣਾ ਮੁਮਕਿਨ ਨਹੀਂ ਇਹ ਪੂਰੀ ਸੱਚਾਈ ਨਹੀਂ ਹੈ। ਵਿਕਦਾ ਤਾਂ ਜ਼ਹਿਰ ਵੀ ਹੈ।

ਬਹੁਤ ਜਰੂਰੀ ਹੈ ਕਿ ਅਸੀਂ ਇੱਕ ਸਮਾਜ ਦੇ ਤੌਰ ਤੇ ਆਪਣਾ ਰੁੱਖ ਆਪਣੇ ਨੌਜਵਾਨਾਂ ਪ੍ਰਤੀ ਬਦਲੀਏ।

ਕਿਸੇ ਦੇ ਘਰ ਜਾ ਕੇ ਪਹਿਲਾ ਹੀ ਸਵਾਲ ਇਹ ਕਰਨਾ ਕਿ ਤੁਹਾਡਾ ਮੁੰਡਾ ਕੀ ਕਰਦਾ ਹੈ? ਇਹ ਸਹੀ ਨਹੀਂ। ਇਹ ਸਵਾਲ ਉਸ ਨੌਜਵਾਨ ਦੇ ਮਨ ਤੇ ਹਥੌੜੇ ਵਾਂਗ ਵੱਜਦਾ ਹੈ। ਉਹ ਚਾਹੁੰਦਾ ਹੈ ਕਿ ਉਹ ਕੋਈ ਕੰਮ ਕਰੇ ਪੈਸਾ ਕਮਾਵੇ ਪਰ ਜਦੋਂ ਉਸਨੂੰ ਨੌਕਰੀ ਨਹੀਂ ਮਿਲਦੀ ਜਦੋਂ ਉਸਨੂੰ ਕੋਈ ਕੰਮ ਨਹੀਂ ਮਿਲਦਾ ਤਾਂ ਉਹ ਬੇਵਸ ਹੋ ਜਾਂਦਾ ਹੈ। ਮਾਪਿਆਂ ਦੇ ਸਮਾਜ ਦੇ ਤਾਹਨੇ ਉਸ ਨੂੰ ਨਸ਼ੇ ਵੱਲ ਧਕੇਲਦੇ ਹਨ। ਅਸੀਂ ਆਪਣੇ ਨੌਜਵਾਨਾਂ ਨੂੰ ਕੋਈ ਹੁਨਰ ਨਹੀਂ ਸਿਖਾਉਂਦੇ। ਸਾਡਾ ਸਮਾਜ ਹੁਨਰ ਨੂੰ ਨੀਵਾਂ ਦਰਜਾ ਦਿੰਦਾ ਹੈ। ਹਰ ਇੱਕ ਨੌਜਵਾਨ ਉਸ ਪੱਧਰ ਤੇ ਪੜ੍ਹਾਈ ਨਹੀਂ ਕਰ ਸਕਦਾ ਜਿਸ ਤੇ ਉਸਨੂੰ ਬਹੁਤ ਚੰਗੀ ਨੌਕਰੀ ਮਿਲੇ। ਹੁਨਰ ਜ਼ਿੰਦਗੀ ਦੇ ਕਈ ਰਾਹ ਖੋਲਦਾ ਹੈ।

ਨਸ਼ਾ ਤੇ ਬੇਰੁਜ਼ਗਾਰੀ ਆਪਸ ਵਿੱਚ ਜੁੜੇ ਹੋਏ ਹਨ। ਸਾਨੂੰ ਜਰੂਰਤ ਹੈ ਆਪਣੇ ਨੌਜਵਾਨਾਂ ਪ੍ਰਤੀ ਆਪਣੇ ਰਵਈਏ ਨੂੰ ਬਦਲਣ ਦੀ। ਬੇਰੁਜ਼ਗਾਰ ਨੌਜਵਾਨ ਨਸ਼ਾ ਕਰਦਾ ਹੈ। ਨਸ਼ਾ ਕਰਨ ਵਾਲੇ ਪ੍ਰਤੀ ਸਾਡੇ ਸਮਾਜ ਵਿੱਚ ਕੋਈ ਹਮਦਰਦੀ ਨਹੀਂ ਸਗੋਂ ਹਿਕਾਰਤ ਹੈ।

ਜਦੋਂ ਕਿਸੇ ਨੂੰ ਕੋਈ ਅਪਣਾਉਂਦਾ ਹੀ ਨਹੀਂ ਫਿਰ ਉਸਦਾ ਨਸ਼ੇ ਵੱਲ ਚਲੇ ਜਾਣਾ ਮਾਮੂਲੀ ਗੱਲ ਹੈ। ਨਸ਼ਾ ਉਸ ਨੂੰ ਉਹਨਾਂ ਸੱਚਾਈਆਂ ਤੋਂ ਦੂਰ ਕਰਦਾ ਹੈ ਜੋ ਉਸਨੂੰ ਚੁੱਭਦੀਆਂ ਹਨ। ਸੱਚਾਈਆਂ ਜੋ ਉਸਦੀ ਪਰੇਸ਼ਾਨੀ ਦਾ ਸਬੱਬ ਹਨ।

ਨਸ਼ੇ ਨੂੰ ਪ੍ਰਸ਼ਾਸਨ ਪੁਲਿਸ ਸਮਾਜ ਤੇ ਸਮਾਜ ਸੇਵੀ ਸੰਸਥਾਵਾਂ ਮਿਲ ਕੇ ਹੀ ਰੋਕ ਸਕਦੀਆਂ ਹਨ। ਸੋਚੋ ਕਿੰਨਾ ਵੀ ਨਸ਼ਾ ਵਿਕਦਾ ਹੋਵੇ ਜੇ ਕੋਈ ਨਸ਼ਾ ਕਰਨਾ ਨਾ ਚਾਹੇ ਤਾਂ ਨਸ਼ੇ ਦਾ ਕਾਰੋਬਾਰ ਆਪਣੇ ਆਪ ਖਤਮ ਹੋ ਜਾਵੇਗਾ। ਨੌਜਵਾਨਾਂ ਨੂੰ ਵੀ ਇਹ ਗੱਲ ਸਮਝਣ ਦੀ ਲੋੜ ਹੈ ਕਿ ਨਸ਼ਾ ਇੱਕ ਸੌਖਾ ਰਾਹ ਜਰੂਰ ਹੈ ਪਰ ਤਬਾਹੀ ਦਾ ਰਸਤਾ ਹੈ। ਇਹ ਸੌਖਾ ਰਾਹ ਮੌਤ ਵੱਲ ਨੂੰ ਜਾਂਦਾ ਹੈ। ਇਸ ਸਫਰ ਤੇ ਖੁਆਰੀ ਹੈ। ਆਪਣੇ ਵੀ ਤੇ ਆਪਣੇ ਨਾਲਦਿਆਂ ਦੀ ਵੀ।

ਬਹੁਤ ਜਰੂਰੀ ਹੈ ਕਿ ਅਸੀਂ ਨਸ਼ੇ ਤੋਂ ਨਿਜਾਤ ਦਵਾਉਣ ਲਈ ਕੁਝ ਚੰਗੇ ਮਿਆਰੀ ਨਸ਼ਾ ਛੁਡਾਊ ਕੇਂਦਰ ਤਿਆਰ ਕਰੀਏ। ਉਹ ਨਹੀਂ ਜੋ ਸੰਗਲਾਂ ਨਾਲ ਬੰਨ ਦਿੰਦੇ ਹਨ ਤੇ ਕੁੱਟਮਾਰ ਕਰਦੇ ਹਨ।

ਉਹ ਤਸ਼ਦਦ ਉਥੋਂ ਬਾਹਰ ਨਿਕਲਦਿਆਂ ਹੀ ਨੌਜਵਾਨ ਨੂੰ ਫਿਰ ਨਸ਼ੇ ਵੱਲ ਖਿੱਚਦਾ ਹੈ। ਸਾਨੂੰ ਇੱਕ ਅਜਿਹਾ ਟੀਨ ਵਰਕ ਦੀ ਜ਼ਰੂਰਤ ਹੈ ਜਿੱਥੇ ਕੜੀ ਨਾਲ ਕੜੀ ਜੁੜ ਕੇ ਇਕ ਵਿਚਾਰਾਂ ਦਾ ਖਿਆਲਾਂ ਦਾ ਸਮਝਦਾਰੀ ਦਾ ਸੰਗਲ ਬਣੇ ਜੋ ਨਸ਼ੇ ਤੋਂ ਨੌਜਵਾਨੀ ਨੂੰ ਮੁਕਤ ਕਰ ਸਕੇ।

ਸਿਰਫ ਵਾਅਦਿਆਂ ਨਾਲ ਤੇ ਦਾਵਿਆਂ ਨਾਲ ਇਸ ਅਲਾਮਤ ਤੋਂ ਛੁਟਕਾਰਾ ਨਹੀਂ ਮਿਲਣਾ। ਪੰਜਾਬ ਦੀ ਨੌਜਵਾਨੀ ਨਸ਼ੇ ਵਿੱਚ ਗਰਕ ਹੋ ਰਹੀ ਹੈ। ਕੋਈ ਛੋਟਾ ਨਸ਼ਾ ਕਰ ਰਿਹਾ ਹੈ ਕੋਈ ਵੱਡਾ। ਛੋਟੇ ਬੱਚੇ ਵੀ ਨਸ਼ੇ ਦੀ ਗ੍ਰਿਫਤ ਵਿੱਚ ਆ ਰਹੇ ਹਨ। ਸਮੇਂ ਦੀ ਮੰਗ ਇਹ ਹੈ ਕਿ ਅਸੀਂ ਸਾਰੇ ਮਿਲ ਕੇ ਵਿਚਾਰ ਕਰੀਏ ਹੱਲ ਲੱਭੀਏ ਨੌਜਵਾਨਾਂ ਲਈ ਰੋਜ਼ਗਾਰ ਦੇ ਮੌਕੇ ਪੈਦਾ ਕਰੀਏ ਅਤੇ ਨਸ਼ੇ ਕਰਨ ਵਾਲੇ ਪ੍ਰਤੀ ਆਪਣਾ ਵਿਹਾਰ ਬਦਲੀਏ।

ਇਹ ਕਿਸੇ ਇੱਕ ਵੱਲੋਂ ਨਹੀਂ ਹੋਣਾ ਇਹ ਸਾਨੂੰ ਸਭ ਨੂੰ ਮਿਲ ਕੇ ਕਰਨਾ ਪੈਣਾ ਹੈ। ਇਸ ਸਮੇਂ ਨਸ਼ੇ ਦਾ ਅਜਗਰ ਮੂੰਹ ਖੋਲ ਕੇ ਖੜਾ ਹੈ। ਅਸੀਂ ਜੇਕਰ ਆਪਣੀ ਨੌਜਵਾਨੀ ਨੂੰ ਬਚਾਉਣਾ ਚਾਹੁੰਦੇ ਹਾਂ ਤਾਂ ਸਾਨੂੰ ਸਾਰਥਕ ਕਦਮ ਚੁੱਕਣੇ ਪੈਣਗੇ।

ਹਰਪ੍ਰੀਤ ਕੌਰ ਸੰਧੂ

ਕੁੜੀ ਦਾ ਬਾਪ

"ਬੱਲੇ,,,ਬਾਰੇ ਬਾਈ ਕਿੱਧਰ ਰਿਹਾ? ਤਿੰਨ ਚਾਰ ਦਿਨ ਦਿਖਾਈ ਹੀ ਨਹੀਂ ਦਿੱਤਾ, ਮੈਂ ਤਾਂ ਤੈਨੂੰ ਯਾਦ ਕਰੀ ਜਾਂਦਾ ਸੀ।" ਦਾਰੂ ਦੇ ਅਹਾਤੇ ਵਾਲੇ ਨੇ ਬੋਤਲ ਹੱਥ ਵਿੱਚ ਫੜੀ ਆਉਂਦੇ ਬਾਰੇ ਨੂੰ ਉਚੇਚਾ ਹੀ ਪੁੱਛਿਆ।

ਨਿੱਤ ਦੇ ਖਾਣ ਪੀਣ ਵਾਲੇ ਗਾਹਕਾਂ ਨਾਲ ਜਿਵੇਂ ਅਕਸਰ ਹੀ ਅਹਾਤਿਆਂ ਵਾਲੇ ਘੁਲਮਿਲ ਜਾਂਦੇ ਹਨ, ਬਾਰੇ ਨਾਲ ਉਸਦੀ ਨੇੜਤਾ ਵੀ ਗਹਿਰੀ ਸੀ। ਬਾਰਾ ਛੋਟਾ ਜਿੰਮੀਦਾਰ ਸੀ ਪਰ ਠੇਕੇ ਉੱਤੇ ਜਮੀਨ ਲੈਕੇ ਖੇਤੀ ਕਾਫੀ ਕਰਦਾ ਸੀ। ਨਾਲੇ ਬਾਰੇ ਦਾ ਵਿਹਾਰ ਵੀ ਬੜਾ ਚੰਗਾ ਸੀ ਅਹਾਤੇ ਵਾਲੇ ਨਾਲ, ਕਦੇ ਵੀ ਉਸਨੂੰ ਥੋੜੇ ਬਹੁਤ ਪੈਸਿਆਂ ਦੀ ਲੋੜ ਹੁੰਦੀ ਤਾਂ ਬਾਰਾ ਦੇ ਦਿਆ ਕਰਦਾ। ਕਦੇ ਕਦੇ ਅਹਾਤੇ ਵਾਲੇ ਨੂੰ ਪਊਆ ਖੰਡ ਦਾਰੂ ਵੀ ਪਿਲਾ ਜਾਇਆ ਕਰਦਾ।

ਬਾਰਾ ਬੋਲਿਆ, "ਲੈ ਤੂੰ ਯਾਦ ਕੀਤਾ, ਮੈਂ ਆਗਿਆ ਤੈਨੂੰ ਮਿਲਣ ਫਿਰ।"

ਬਾਰੇ ਦਾ ਬੋਲ ਭਾਰਾ ਹੋਇਆ ਸੁਣਕੇ ਅਹਾਤੇ ਵਾਲਾ ਬੋਲਿਆ ਅੱਜ ਤਾਂ ਪਹਿਲਾਂ ਹੀ ਲੱਗੀ ਲੱਗਦੀ ਐ ?

"ਕਿਤੇ ਹੁਣ ਦੀ, ਤਿੰਨ ਦਿਨ ਹੋਗੇ ਚੱਲਦੀ ਨੂੰ, ਅੱਜ ਵੀ ਸਵੇਰੇ ਤੋਂ..., ਚੱਕ ਪਾ ਪੈੱਗ", ਬਾਰਾ ਕਹਿਕੇ ਮੁਸਕਣੀ ਹੱਸਿਆ।

"ਕਿਤੇ ਬਾਹਰ ਗਿਆ ਸੀ ਬਾਈ?"

" ਭਾਣਜਾ ਵਿਆਹ ਕੇ ਲਿਆਂਦਾ, ਓਧਰ ਹੀ ਗਿਆ ਹੋਇਆ ਸੀ। ਤੂੰ ਪੈੱਗ ਪਾ ਫਿਰ ਕਰਦੇ ਹਾਂ ਗੱਲਾਂ।"

"ਕਿੱਥੇ ਕਰਤਾ ਵਿਆਹ ਬਾਈ ਭਾਣਜੇ ਦਾ?"

ਅਹਾਤੇ ਵਾਲੇ ਨੇ ਪੈੱਗ ਚੁੱਕਦੇ ਹੋਏ ਗੱਲਬਾਤ ਜਾਰੀ ਰੱਖਣ ਲਈ ਸਰਸਰੀ ਜਿਹਾ ਸਵਾਲ ਕੀਤਾ।

"ਵਿਆਹ ਆਪਾਂ ਕਾਹਦਾ ਕਰਿਆ, ਪਤੰਦਰ ਪਹਿਲਾਂ ਹੀ ਕਰਾਈ ਫਿਰਦਾ ਸੀ, ਹੁਣ ਤਾਂ ਕੁੜੀ ਵਾਲਿਆਂ ਨੇ ਨੰਦ ਦਿੱਤੇ ਆ, ਆਪਦੀ ਇੱਜਤ ਜਿਹੀ ਰੱਖਣ ਨੂੰ। "

"ਅੱਛਾ ਬਾਈ,, !" ਅਹਾਤੇ ਵਾਲੇ ਨੇ ਐਨੀ ਹੈਰਾਨੀ ਨਾਲ ਮੂੰਹ ਖੋਲ੍ਹਿਆ ਕਿ ਜਿਵੇਂ ਬਾਰੇ ਦੇ ਭਾਣਜੇ ਦੀ ਇਸ ਪ੍ਰਾਪਤੀ ਉੱਤੇ ਖੁਸ਼ੀ ਜਾਹਿਰ ਕਰ ਰਿਹਾ ਹੋਵੇ।

"ਪਤੰਦਰ ਦਾ ਸੋਹਣਾ ਹੀ ਬਾਹਲਾ, ਕੁੜੀ ਕਹਿੰਦੀ ਇਹਦੇ ਬਿਨਾ ਨੀ ਬਚਦੀ" । ਬਾਰੇ ਨੇ ਪੈੱਗ ਖਿਚਦੇ ਕਿਹਾ।

"ਬਾਈ ਕੁੜੀ ਵਾਲਿਆਂ ਕੋਈ ਚੂੰ ਚੜਿੱਕ ਤਾਂ ਨੀ ਕੀਤੀ?"

"ਓ ਨਾ ਨਾ, ਉਹਨਾਂ ਦੇ ਤਾਂ ਮੂੰਹ ਤੋਂ ਮੱਖੀ ਨੀ ਉੱਡਦੀ ਸੀ, ਨਹੀਂ ਕਿਤੇ ਐਡੇ ਸਰਦਾਰ ਆਪਣੇ ਰਿਸ਼ਤਾ ਕਰਦੇ ?

ਭਾਣਜੇ ਦੀ ਮਾਰੀ ਇਸ ਮੱਲ ਦੀ ਲੋਰ ਵਿੱਚ ਇੱਕ ਇੱਕ ਹੋਰ ਪੈੱਗ ਖਿੱਚਿਆ ਗਿਆ।

"ਕੁੜੀ ਦਾ ਪਿਓ ਆਏਂ ਹੱਥ ਜੋੜੀ ਖੜਾ ਸੀ ਸਾਡੇ ਮੂਹਰੇ"। ਬਾਰੇ ਨੇ ਨਸ਼ੇ ਵਿੱਚ ਲੜਖੜਾਉਂਦੀ ਜੁਬਾਨ ਅਤੇ ਕੰਬਦੇ ਹੱਥਾਂ ਨਾਲ ਹੱਥ ਜਿਹੇ ਜੋੜਕੇ ਦਿਖਾਏ।

ਬਾਰੇ ਨੂੰ ਨਸ਼ਾ ਵੀ ਝੂਟੇ ਮਾਰਨ ਲੱਗਾ ਸੀ।

ਨਸ਼ੇ ਦਾ ਇਸ ਵਾਰ ਦਾ ਝੂਟਾ ਉਸਦੀ ਸੁਰਤ ਨੂੰ ਹੋਰ ਪਾਸੇ ਹੀ ਮੋੜ ਗਿਆ। ਬਾਰਾ ਆਪਣੇ ਜੁੜੇ ਹੋਏ ਹੱਥ ਵੇਖਕੇ ਆਪਣੇ ਆਪ ਨੂੰ ਕੁੜੀ ਦੇ ਪਿਓ ਦੇ ਰੂਪ ਵਿੱਚ ਦੇਖਣ ਲੱਗਿਆ। "ਯਾਰ ਮੇਰੇ ਤਾਂ ਆਪ ਇੱਕ ਹੀ ਧੀ ਹੈ, ਰੱਬ ਨਾ ਕਰੇ ਕਿ ਉਸ ਕੁੜੀ ਵਾਗੂੰ ਕਿਤੇ ਫਿਸਲ ਗਈ, ਮੈਂ ਤਾਂ ਜਿਉਂਦੇ ਜੀਅ ਮਰਜੂੰ। " ਅਤੇ ਦੋ ਪਲ ਪਹਿਲਾਂ ਮੁੱਛਾਂ ਨੂੰ ਤਾਅ ਦੇਣ ਵਾਲਾ ਬਾਰਾ, ਬੇਹਤਾਸ਼ਾ ਬੱਚਿਆਂ ਵਾਂਗ ਰੋਣ ਲੱਗ ਗਿਆ ।

ਸੋਮਾ ਕਲਸੀਆਂ

ਵਿਦੇਸ਼ੋਂ ਭੇਜੀਆਂ ਕੁੱਝ ਚੀਜ਼ਾਂ... !

ਜੰਟੇ ਨੇ ਆਪਣੇ ਭਤੀਜੇ ਸੁਖਮਨ ਵੱਲੋਂ ਵਿਦੇਸ਼ੋਂ ਭੇਜੀਆਂ ਕੁੱਝ ਚੀਜ਼ਾਂ ਸੱਥ ਵਿੱਚ ਬੈਠੇ ਲੋਕਾਂ ਨੂੰ ਦਿਖਾਉਦਿਆਂ ਕਿਹਾ, "ਬਾਹਰਲੇ ਦੇਸ਼ਾਂ ਨੇ ਬਹੁਤ ਜ਼ਿਆਦਾ ਤਰੱਕੀ ਕੀਤੀ ਹੈ? ਸਾਡੇ ਦੇਸ਼ ਬਾਹਰਲੇ ਦੇਸ਼ਾਂ ਦਾ ਮੁਕਾਬਲਾ ਨਹੀਂ ਕਰ ਸਕਦੇ।"

ਭੋਲੇ ਨੇ ਕਿਹਾ ਜੰਟਿਆ ਇਹ ਵੀ ਤੈਨੂੰ ਵਹਿਮ ਹੈ, ਮੁਕਾਬਲਾ ਸਾਡੇ ਦੇਸ਼ ਦਾ ਵੀ ਕੋਈ ਨਹੀਂ ਕਰ ਸਕਦਾ। ਤੂੰ ਕਦੇ ਸੁਣਿਐ ਕਿ ਕੋਈ ਮਰਿਆ ਬੰਦਾ ਮੁੜ ਕੇ ਵਾਪਸ ਆਇਆ ਹੋਵੇ। '' ਜੰਟੇ ਨੇ ਕਿਹਾ,'' ਨਹੀਂ ਬਾਈ ਭੋਲੇ ਇਹ ਤਾਂ ਹੋ ਹੀ ਨਹੀਂ ਸਕਦਾ !" ਭੋਲੇ ਨੇ ਕਿਹਾ, ''ਓਏ ਜੰਟਿਆ ਇਹ ਤਰੱਕੀ ਆਪਣੇ ਦੇਸ਼ ਨੇ ਹੀ ਕੀਤੀ ਹੈ ! ਉਏ ਭੋਲਿਆ ਕਈ ਕਈ ਸਾਲ ਪਹਿਲਾਂ ਇਸ ਜਹਾਨੋਂ ਤੁਰ ਗਏ ਪਿੰਡ ਦੇ ਬਾਬੇ-ਬੀਬੀਆਂ ਨਰੇਗਾ ਸਕੀਮ ਵਿੱਚ ਕੰਮ ਕਰ ਵੀ ਰਹੇ ਨੇ ਤੇ ਸਰਕਾਰ ਤੋਂ ਬੁਢਾਪਾ ਪੈਨਸ਼ਨ ਵੀ ਲੈ ਰਹੇ ਨੇ। ਗਿਆਨੇ ਕੇ ਪਿੰਡ ਤਾਂ ਪੰਝੀ ਸਾਲ ਪਹਿਲਾਂ ਮੋਇਆ ਗੁਆਂਢੀਆਂ ਦਾ ਬੁੜਾ ਇੱਕ ਕੇਸ ਵਿੱਚ ਗਵਾਹੀ ਵੀ ਦੇ ਆਇਆ। ਹੁਣ ਤੂੰ ਹੀ ਦੱਸ ਕਰ ਲਊ ਕੋਈ ਦੇਸ਼ ਆਪਣੀ ਰੀਸ ਭਲਾਂ? ''ਭੋਲਾ ਆਪਣਾ ਢਹਿੰਦਾ ਜਾਂਦਾ ਪਰਨਾ ਸਿਰੋਂ ਲਾਹ ਕੇ ਮੁੜ ਸਵਾਰ ਕੇ ਬੰਨ੍ਹਦਾ ਹੋਇਆ ਬੋਲਿਆ, "ਹਾਅ ਤਰੱਕੀ ਤਾਂ ਜੱਗੋਂ ਤੇਰ੍ਹਵੀਂ ਵਾਲੀ ਹੀ ਹੋਈ ਫੇਰ।"

ਗੁਰਤੇਜ ਸਿੰਘ ਖੁਡਾਲ

ਇੱਕ ਸੁਪਨੇ ਦਾ ਸਫ਼ਰ (ਭਾਗ ਦੂਜਾ)

ਜੀਤੇ ਦੀ ਮਾਂ ਉੱਠ ਕੇ ਰੋਟੀ ਪਾ ਕੇ ਲੈ ਆਈ। ਤਿੰਨੇ ਬੈਠ ਕੇ ਰੋਟੀ ਖਾਣ ਲੱਗ ਪਏ। ਮੂੰਹੋਂ ਭਾਵੇਂ ਕੋਈ ਵੀ ਇੱਕ ਸ਼ਬਦ ਨਹੀਂ ਬੋਲ ਰਿਹਾ ਸੀ, ਪਰ ਦਿਮਾਗਾਂ ਵਿੱਚ ਵਿਚਾਰਾਂ ਦਾ ਰੌਲਾ-ਰੱਪਾ ਪੈ ਰਿਹਾ ਸੀ।

ਆਖ਼ਰ ਤਿੰਨੇ ਰੋਟੀ ਖਾ ਹਟੇ ਤਾਂ ਜੀਤਾ ਭਾਂਡੇ ਚੁੱਕ ਕੇ ਲੈ ਗਿਆ ਅਤੇ ਧੋਣ ਲੱਗ ਪਿਆ। ਉਹ ਅਕਸਰ ਹੀ ਵਿਹਲੇ ਸਮੇਂ ਵਿੱਚ ਮਾਂ ਨਾਲ ਹੱਥ ਵਟਾ ਦਿੰਦਾ ਅਤੇ ਛੁੱਟੀ ਵਾਲੇ ਦਿਨ ਦੁਕਾਨ 'ਤੇ ਵੀ ਬੈਠਦਾ ਸੀ।

ਉਸਦੇ ਜਾਂਦੇ ਹੀ ਉਸਦੀ ਮਾਂ ਆਪਣੇ ਘਰਵਾਲੇ ਨੂੰ ਕਹਿਣ ਲੱਗੀ, ''ਦੇਖ ਲਓ, ਮੰਨ ਵੀ ਜਾਓ।''

''ਜ਼ਰੂਰ ਮੰਨ ਜਾਂਦਾ ਜੇ ਮੇਰੇ ਵੱਸ ਵਿੱਚ ਹੁੰਦਾ। ਤੂੰ ਸਮਝਦੀ ਕਿਉਂ ਨਹੀਂ, ਐਨੀ ਆਪਣੀ ਵਿੱਤ ਹੀ ਹੈਨੀ।''

ਜੀਤੇ ਦਾ ਧਿਆਨ ਰਸੋਈ ਵਿੱਚ ਖੜ੍ਹੇ ਹੋਣ ਦੇ ਬਾਵਜੂਦ ਆਪਣੇ ਮਾਂ-ਬਾਪ ਦੀਆਂ ਗੱਲਾਂ ਵੱਲ ਸੀ। ਉਹ ਮਾਪਿਆਂ ਦੀ ਬੇਬਸੀ ਜਾਣਦਾ ਸੀ, ਪਰ ਇਹ ਵੀ ਸਮਝਦਾ ਸੀ ਕਿ ਕੁਝ ਕ

ਮੁੱਖ ਮੰਤਰੀ ਭਗਵੰਤ ਮਾਨ ਸਾਹਿਬ ਭਾਰਤੀ ਕਬੱਡੀ ਦੇ ਮਹਾਨ ਕਪਤਾਨ ਸੁਖਬੀਰ ਸਿੰਘ ਸਰਾਵਾਂ ਦੀ ਰਾਜਨੀਤੀ ਵਿੱਚ ਬਾਂਹ ਫੜ੍ਹੋ

ਜੈਤੋ ਦੇ ਪੁੱਤ ਨੂੰ ਮੋੜ ਹਲਕੇ ਤੋਂ ਵਿਧਾਇਕ ਬਣਾ ਕੇ ਮਾਣ-ਸਨਮਾਨ ਦੇਣ ਦੀ ਪੁਰਜ਼ੋਰ ਮੰਗ

ਜਗਰੂਪ ਸਿੰਘ ਜਰਖੜ ਦੀ ਵਿਸ਼ੇਸ਼ ਰਿਪੋਰਟ



ਜਦੋਂ ਵੀ ਸਰਕਲ ਸਟਾਈਲ ਕਬੱਡੀ ਦਾ ਇਤਿਹਾਸ ਲਿਖਿਆ ਜਾਵੇਗਾ ਤਾਂ 3 ਕਬੱਡੀ ਵਰਲਡ ਕੱਪਾਂ ਵਿੱਚ ਕਪਤਾਨੀ ਕਰਨ ਵਾਲੇ ਸੁਖਬੀਰ ਸਿੰਘ ਸਰਾਵਾਂ ਦਾ ਨਾਮ ਸੁਨਹਿਰੀ ਅੱਖਰਾਂ ਵਿੱਚ ਲਿਖਿਆ ਜਾਵੇਗਾ। ਸੁਖਬੀਰ ਸਿੰਘ ਸਰਾਵਾਂ। ਜੈਤੋ ਹਲਕੇ ਦੇ ਪਿੰਡ ਸਰਾਵਾਂ (ਕੋਟਕਪੂਰਾ) ਦਾ ਇਹ ਸਿੱਖ ਸ਼ੇਰ ਅੱਜ ਪੰਜਾਬ ਅਤੇ ਭਾਰਤੀ ਦੀ ਕਬੱਡੀ ਦੀ ਸ਼ਾਨ ਹੈ।

1. ਸੁਖਬੀਰ ਸਿੰਘ ਸਰਾਵਾਂ ਦਾ ਵਰਲਡ ਕਬੱਡੀ ਕੱਪ 'ਚ ਇਤਿਹਾਸ: ਸੁਖਬੀਰ ਸਰਾਵਾਂ ਇਕਲੌਤਾ ਅਜਿਹਾ ਕਬੱਡੀ ਖਿਡਾਰੀ ਹੈ ਜਿਸ ਨੇ ਕੁੱਲ 4 ਵਰਲਡ ਕਬੱਡੀ ਕੱਪ ਖੇਡੇ ਹਨ। ਇਹ ਆਪਣੇ ਆਪ ਵਿੱਚ ਇੱਕ ਵੱਡਾ ਰਿਕਾਰਡ ਹੈ। ਇਸ ਤੋਂ ਵੀ ਵੱਡੀ ਗੱਲ ਇਹ ਹੈ ਕਿ ਉਨ੍ਹਾਂ ਨੇ ਲਗਾਤਾਰ 3 ਵਰਲਡ ਕਬੱਡੀ ਕੱਪਾਂ (2011, 2012, 2013) ਵਿੱਚ ਭਾਰਤੀ ਟੀਮ ਦੀ ਕਪਤਾਨੀ ਕੀਤੀ। ਉਨ੍ਹਾਂ ਦੀ ਕਪਤਾਨੀ ਹੇਠ ਭਾਰਤ ਨੇ ਦੁਨੀਆਂ 'ਤੇ ਆਪਣਾ ਝੰਡਾ ਬੁਲੰਦ ਕੀਤਾ। ਕਪਤਾਨ ਵਜੋਂ ਤਿੰਨੇ ਵਰਲਡ ਕਬੱਡੀ ਕੱਪ ਜਿੱਤ ਕੇ ਉਹ ਪੰਜਾਬੀਆਂ ਦੀ ਮਹਿਬੂਬ ਖੇਡ ਦਾ ਬੇਤਾਜ ਬਾਦਸ਼ਾਹ ਬਣਿਆ ਹੈ।

2. ਏਸ਼ੀਆ ਕੱਪ ਦਾ ਹੀਰੋ: ਸੁਖਬੀਰ ਸਰਾਵਾਂ ਨੇ 2 ਏਸ਼ੀਆ ਕਬੱਡੀ ਕੱਪ ਖੇਡੇ। ਇੱਕ ਪਾਕਿਸਤਾਨ ਦੇ ਲਾਹੌਰ ਵਿੱਚ ਅਤੇ ਦੂਜਾ ਇਰਾਨ ਦੇ ਤਹਿਰਾਨ ਵਿੱਚ ਖੇਡੇ । ਦੋਵਾਂ ਵਾਰ ਉਹ ਭਾਰਤੀ ਟੀਮ ਦੇ ਸਿਰਕੱਢ ਕਬੱਡੀ ਖਿਡਾਰੀ ਸਨ ਅਤੇ ਦੋਵਾਂ ਵਾਰ ਪਾਕਿਸਤਾਨ ਅਤੇ ਇਰਾਨ ਵਰਗੀਆਂ ਮਜ਼ਬੂਤ ਟੀਮਾਂ ਨੂੰ ਹਰਾ ਕੇ ਭਾਰਤੀ ਟੀਮ ਨੂੰ ਏਸ਼ੀਆ ਚੈਂਪੀਅਨ ਬਣਾਇਆ। ਪਾਕਿਸਤਾਨ ਦੀ ਧਰਤੀ 'ਤੇ ਜਾ ਕੇ ਪਾਕਿਸਤਾਨ ਨੂੰ ਹਰਾਉਣਾ ਉਨ੍ਹਾਂ ਦੀ ਸਭ ਤੋਂ ਵੱਡੀ ਪ੍ਰਾਪਤੀ ਮੰਨੀ ਜਾਂਦੀ ਹੈ।

3. ਮਾਲਵਾ ਐਕਸਪ੍ਰੈਸ ਵਜੋਂ ਜਾਣੇ ਜਾਂਦੇ ਹਨ ਸੁਖਬੀਰ ਸਰਾਵਾਂ: ਸੁਖਬੀਰ ਸਰਾਵਾਂ ਦਾ ਸਭ ਤੋਂ ਵੱਡਾ ਗੁਣ ਇਹ ਹੈ ਕਿ ਉਨ੍ਹਾਂ ਨੇ ਕਦੇ ਵੀ ਨਸ਼ਿਆਂ, ਟੀਕਿਆਂ ਦਾ ਸਹਾਰਾ ਨਹੀਂ ਲਿਆ। ਉਹ ਆਪਣੀ ਸਰੀਰਕ ਤਾਕਤ, ਮਿਹਨਤ ਅਤੇ ਖੁਰਾਕ ਨਾਲ ਖੇਡਦੇ ਸਨ। ਇਸੇ ਕਰਕੇ ਉਹ ਅੱਜ ਵੀ ਜਵਾਨਾਂ ਲਈ ਰੋਲ ਮਾਡਲ ਹਨ। ਸੁਖਬੀਰ ਸਰਾਵਾਂ ਨੂੰ ਕਬੱਡੀ ਦੇ ਖੇਤਰ ਵਿੱਚ " ਮਾਲਵਾ ਐਕਸਪ੍ਰੈਸ " ਖ਼ਿਤਾਬ ਮਿਲਿਆ ਹੈ। ਜਿਸ ਤਰ੍ਹਾਂ ਪਾਲਾ ਜਲਾਲਪੁਰ ਨੂੰ "ਬਰਾਂਡ ਅੰਬੈਸਡਰ " ਖ਼ਿਤਾਬ ਮਿਲਿਆ ਹੈ । ਕਬੱਡੀ ਵਿੱਚ ਬਹੁਤ ਹੀ ਘੱਟ ਖਿਡਾਰੀ ਹਨ ਜਿਨਾਂ ਨੂੰ ਇਸ ਤਰਾਂ ਦੇ ਮਾਣਮੱਤੇ ਖਿਤਾਬ ਮਿਲੇ ਹਨ।

ਦੇਸ਼-ਵਿਦੇਸ਼ ਦੇ ਟੂਰਨਾਮੈਂਟਾਂ ਵਿੱਚ ਬੈਸਟ ਰੇਡਰ

ਉਨ੍ਹਾਂ ਨੇ ਪੰਜਾਬ ਦੇ ਪਿੰਡ-ਪਿੰਡ ਖੇਡੇ ਜਾਂਦੇ ਸਥਾਨਕ ਕਬੱਡੀ ਕੱਪਾਂ ਤੋਂ ਲੈ ਕੇ ਕੈਨੇਡਾ, ਇੰਗਲੈਂਡ, ਪੰਜਾਬ ਸਪੋਰਟਸ ਕਬੱਡੀ ਕਲੱਬ ਸਿਆਟਲ ਅਮਰੀਕਾ ਅਤੇ ਹੋਰ ਕਈ ਦੇਸ਼ਾਂ ਦੇ ਇੰਟਰਨੈਸ਼ਨਲ ਕਬੱਡੀ ਟੂਰਨਾਮੈਂਟਾਂ ਅਤੇ ਕਲੱਬਾਂ ਵਿੱਚ ਖੇਡਿਆ। ਆਪਣੇ ਖੇਡ ਕਰੀਅਰ ਦੌਰਾਨ ਉਹ ਅਣਗਿਣਤ ਟੂਰਨਾਮੈਂਟਾਂ ਵਿੱਚ 'ਬੈਸਟ ਰੇਡਰ' ਦੇ ਖਿਤਾਬ ਹਾਸਲ ਕੀਤੇ ਅਤੇ ਇਨਾਮ ਵਜੋਂ ਟਰੈਕਟਰ, ਮੋਟਰਸਾਈਕਲ ਅਤੇ ਵੱਡੀਆਂ ਨਕਦ ਰਾਸ਼ੀਆਂ ਹਾਸਲ ਕੀਤੀਆਂ।

ਸੁਖਬੀਰ ਸਰਾਵਾਂ ਮੋੜ ਹਲਕੇ ਦਾ ਮਾਣ

ਸੁਖਬੀਰ ਸਰਾਵਾਂ ਸਿਰਫ ਇੱਕ ਖਿਡਾਰੀ ਨਹੀਂ, ਉਹ ਇੱਕ ਸੰਸਥਾ ਹਨ। ਉਨ੍ਹਾਂ ਨੇ ਸੈਂਕੜੇ ਨੌਜਵਾਨਾਂ ਨੂੰ ਕਬੱਡੀ ਨਾਲ ਜੋੜਿਆ ਅਤੇ ਨਸ਼ਿਆਂ ਤੋਂ ਦੂਰ ਕੀਤਾ। ਉਨ੍ਹਾਂ ਦੇ ਪਿੰਡ ਸਰਾਵਾਂ ਤੋਂ ਲੈ ਕੇ ਪੂਰੇ ਫਰੀਦਕੋਟ ਜ਼ਿਲ੍ਹੇ ਤੱਕ ਹਰ ਬੱਚਾ ਉਨ੍ਹਾਂ ਨੂੰ ਆਪਣਾ ਹੀਰੋ ਮੰਨਦਾ ਹੈ।

ਮੁੱਖ ਮੰਤਰੀ ਭਗਵੰਤ ਮਾਨ ਨੂੰ ਅਪੀਲ-ਮੋੜ ਹਲਕੇ ਤੋਂ ਸੁਖਬੀਰ ਸਰਾਵਾਂ ਨੂੰ ਵਿਧਾਇਕ ਬਣਾਓ

ਅੱਜ ਪੂਰੇ ਜੈਤੋ, ਫਰੀਦਕੋਟ ਅਤੇ ਕਬੱਡੀ ਜਗਤ, ਅਮਰੀਕਾ ਕਨੇਡਾ ਵਸਦੇ ਕਬੱਡੀ ਪ੍ਰਮੋਟਰਾਂ ਵੱਲੋਂ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਤੋਂ ਮੰਗ ਕੀਤੀ ਜਾ ਰਹੀ ਹੈ। ਕਿ ਸਾਬਕਾ ਭਾਰਤੀ ਕਪਤਾਨ ਸੁਖਬੀਰ ਸਿੰਘ ਸਰਾਵਾਂ ਵਰਗੇ ਇਮਾਨਦਾਰ, ਅਨੁਸ਼ਾਸਨੀ ਅਤੇ ਦੇਸ਼ ਭਗਤ ਸਿੱਖ ਵੀਰ ਨੂੰ ਰਾਜਨੀਤੀ ਵਿੱਚ ਲਿਆਉਣਾ ਸਮੇਂ ਦੀ ਲੋੜ ਹੈ। ਉਨ੍ਹਾਂ ਨੂੰ 2027 ਦੀਆਂ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਸੁਖਬੀਰ ਸਿੰਘ ਸਰਾਵਾਂ ਨੂੰ ਮੋੜ ਵਿਧਾਨ ਸਭਾ ਹਲਕੇ ਤੋਂ ਆਮ ਆਦਮੀ ਪਾਰਟੀ (AAP) ਦਾ ਉਮੀਦਵਾਰ* ਬਣਾਇਆ ਜਾਵੇ ਅਤੇ ਉਨ੍ਹਾਂ ਨੂੰ ਬਣਦਾ ਮਾਣ-ਸਤਿਕਾਰ ਦਿੱਤਾ ਜਾਵੇ। ਜੇਕਰ ਆਮ ਆਦਮੀ ਪਾਰਟੀ ਮੋੜ ਤੋਂ ਉਨ੍ਹਾਂ ਨੂੰ ਉਮੀਦਵਾਰ ਬਣਾਉਂਦੀ ਹੈ ਤਾਂ ਸਾਰਾ ਜੈਤੋ ਇਲਾਕਾ ਸੁਖਬੀਰ ਸਰਾਵਾਂ ਦੀ ਤਨ ਮਨ ਧਨ ਨਾਲ 2027 ਵਿਧਾਨ ਸਭਾ ਚੋਣਾਂ ਵਿੱਚ ਮਦਦ ਕਰੇਗਾ।

ਜਿਹੜਾ ਵਿਅਕਤੀ 11 ਖਿਡਾਰੀਆਂ ਦੀ ਟੀਮ ਨੂੰ ਲੈ ਕੇ ਵਰਲਡ ਕੱਪ ਜਿੱਤ ਸਕਦਾ ਹੈ, ਉਹ ਮੋੜ ਹਲਕੇ ਨੂੰ ਵੀ ਵਿਕਾਸ ਦੇ ਰਾਹ 'ਤੇ ਜਰੂਰ ਲੈ ਕੇ ਜਾਵੇਗਾ। ਖੇਡਾਂ ਨੂੰ ਪਿਆਰ ਕਰਨ ਵਾਲੇ ਮੁੱਖ ਮੰਤਰੀ ਭਗਵੰਤ ਮਾਨ ਜੀ ਨੂੰ ਇਹ ਮੰਗ ਜਰੂਰ ਸੁਣਨੀ ਚਾਹੀਦੀ ਹੈ। ਖੇਡਾਂ ਅਤੇ ਨੌਜਵਾਨਾਂ ਦੀ ਸੱਚੀ ਸੇਵਾ ਇਹੀ ਹੋਵੇਗੀ।

ਜਗਰੂਪ ਸਿੰਘ ਜਰਖੜ
ਖੇਡ ਲੇਖਕ, ਖੇਡ ਪ੍ਰਮੋਟਰ
98143-00722

ਭਾਰਤ ਨੇ ਜ਼ਿੰਬਾਬਵੇ ਨੂੰ 92 ਦੌੜਾਂ ਨਾਲ ਹਰਾਇਆ; ਲੜੀ 3-0 ਨਾਲ ਜਿੱਤੀ

ਹਰਮਨਪ੍ਰੀਤ ਤੇ ਸ਼ੈਫਾਲੀ ਦੀ ਸ਼ਾਨਦਾਰ ਬੱਲੇਬਾਜ਼ੀ ਸਦਕਾ ਜਿੱਤਿਆ ਭਾਰਤ

ਭਾਰਤੀ ਮਹਿਲਾ ਕ੍ਰਿਕਟ ਟੀਮ ਨੇ ਮੰਗਲਵਾਰ ਨੂੰ ਇੱਥੇ ਤੀਜੇ ਅਤੇ ਆਖ਼ਰੀ ਟੀ-20 ਕੌਮਾਂਤਰੀ ਮੈਚ ਵਿੱਚ ਜ਼ਿੰਬਾਬਵੇ ਨੂੰ 92 ਦੌੜਾਂ ਨਾਲ ਹਰਾ ਕੇ ਤਿੰਨ ਮੈਚਾਂ ਦੀ ਲੜੀ ਵਿੱਚ 3-0 ਨਾਲ ਕਲੀਨ ਸਵੀਪ ਕੀਤਾ। ਟਾਸ ਜਿੱਤ ਕੇ ਪਹਿਲਾਂ ਬੱਲੇਬਾਜ਼ੀ ਕਰਦਿਆਂ ਭਾਰਤ ਨੇ ਕਪਤਾਨ ਹਰਮਨਪ੍ਰੀਤ ਕੌਰ ਦੀ ਨਾਬਾਦ 91 ਦੌੜਾਂ ਅਤੇ ਸ਼ੈਫਾਲੀ ਵਰਮਾ ਦੀਆਂ 69 ਦੌੜਾਂ ਦੀ ਮਦਦ ਨਾਲ ਸੱਤ ਵਿਕਟਾਂ 'ਤੇ 216 ਦੌੜਾਂ ਬਣਾਈਆਂ। ਹਰਮਨਪ੍ਰੀਤ ਨੇ ਸ਼ਾਨਦਾਰ ਬੱਲੇਬਾਜ਼ੀ ਕਰਦਿਆਂ ਟੀਮ ਨੂੰ ਵੱਡੇ ਸਕੋਰ ਤੱਕ ਪਹੁੰਚਾਇਆ, ਜਦਕਿ ਸ਼ੈਫਾਲੀ ਨੇ ਵੀ ਤੇਜ਼ ਪਾਰੀ ਖੇਡੀ।

217 ਦੌੜਾਂ ਦੇ ਟੀਚੇ ਦਾ ਪਿੱਛਾ ਕਰਨ ਉਤਰੀ ਜ਼ਿੰਬਾਬਵੇ ਦੀ ਟੀਮ ਨਿਰਧਾਰਤ ਓਵਰਾਂ ਵਿੱਚ ਸੱਤ ਵਿਕਟਾਂ 'ਤੇ 124 ਦੌੜਾਂ ਹੀ ਬਣਾ ਸਕੀ। ਇਸ ਤਰ੍ਹਾਂ ਭਾਰਤ ਨੇ ਮੈਚ 92 ਦੌੜਾਂ ਨਾਲ ਜਿੱਤ ਲਿਆ।

ਭਾਰਤ ਨੇ ਲੜੀ ਦੇ ਪਹਿਲੇ ਮੈਚ ਵਿੱਚ ਜ਼ਿੰਬਾਬਵੇ ਨੂੰ ਚਾਰ ਵਿਕਟਾਂ ਨਾਲ ਅਤੇ ਦੂਜੇ ਮੈਚ ਵਿੱਚ ਨੌਂ ਵਿਕਟਾਂ ਨਾਲ ਹਰਾਇਆ ਸੀ। ਤੀਜੇ ਮੈਚ ਦੀ ਜਿੱਤ ਨਾਲ ਭਾਰਤੀ ਟੀਮ ਨੇ ਲੜੀ ਦੇ ਤਿੰਨੇ ਮੈਚ ਆਪਣੇ ਨਾਂ ਕਰ ਲਏ।

ਇਸ ਤੋਂ ਪਹਿਲਾਂ ਸ਼ੈਫਾਲੀ ਵਰਮਾ ਅਤੇ ਹਰਮਨਪ੍ਰੀਤ ਕੌਰ ਦੀਆਂ ਤੂਫ਼ਾਨੀ ਪਾਰੀਆਂ ਦੀ ਬਦੌਲਤ ਭਾਰਤ ਨੇ ਮੰਗਲਵਾਰ ਨੂੰ ਇੱਥੇ ਜ਼ਿੰਬਾਬਵੇ ਖ਼ਿਲਾਫ਼ ਤੀਜੇ ਟੀ-20 ਕੌਮਾਂਤਰੀ ਮੈਚ ਵਿੱਚ ਸੱਤ ਵਿਕਟਾਂ ਦੇ ਨੁਕਸਾਨ 'ਤੇ 216 ਦੌੜਾਂ ਬਣਾਈਆਂ। ਸ਼ੈਫਾਲੀ ਨੇ 37 ਗੇਂਦਾਂ 'ਤੇ 69 ਦੌੜਾਂ ਬਣਾਈਆਂ, ਜਦਕਿ ਸਾਬਕਾ ਕਪਤਾਨ ਹਰਮਨਪ੍ਰੀਤ ਕੌਰ ਨੇ ਆਪਣੇ ਹਮਲਾਵਰ ਅੰਦਾਜ਼ ਵਿੱਚ ਵਾਪਸੀ ਕਰਦਿਆਂ ਸਿਰਫ਼ 41 ਗੇਂਦਾਂ 'ਤੇ ਨਾਬਾਦ 91 ਦੌੜਾਂ ਦੀ ਪਾਰੀ ਖੇਡੀ।

ਭਾਰਤੀ ਕਪਤਾਨ ਸਮ੍ਰਿਤੀ ਮੰਧਾਨਾ ਨੇ ਪਹਿਲਾਂ ਬੱਲੇਬਾਜ਼ੀ ਕਰਨ ਦਾ ਫ਼ੈਸਲਾ ਕੀਤਾ ਤੇ ਅਨੁਸ਼ਕਾ ਸ਼ਰਮਾ ਨੂੰ ਸ਼ੈਫਾਲੀ ਨਾਲ ਪਾਰੀ ਦੀ ਸ਼ੁਰੂਆਤ ਕਰਨ ਲਈ ਭੇਜਿਆ। ਅਨੁਸ਼ਕਾ ਨੇ 20 ਗੇਂਦਾਂ 'ਤੇ 28 ਦੌੜਾਂ ਬਣਾਈਆਂ।

ਸ਼ੈਫਾਲੀ ਦਾ ਲਗਾਤਾਰ ਦੂਜਾ ਅਰਧ ਸੈਂਕੜਾ

ਅਨੁਸ਼ਕਾ ਅਤੇ ਸ਼ੈਫਾਲੀ ਨੇ ਪਹਿਲੀ ਵਿਕਟ ਲਈ 32 ਗੇਂਦਾਂ 'ਤੇ 54 ਦੌੜਾਂ ਜੋੜ ਕੇ ਭਾਰਤ ਨੂੰ ਤੇਜ਼ ਸ਼ੁਰੂਆਤ ਦਿਵਾਈ। ਅਨੁਸ਼ਕਾ ਨੇ ਪੰਜਵੇਂ ਓਵਰ ਵਿੱਚ ਤੇਂਦਾਈ ਮਾਕੁਸ਼ਾ ਦੀ ਗੇਂਦ 'ਤੇ ਛੱਕਾ ਜੜਿਆ। ਦੂਜੇ ਪਾਸੇ ਸ਼ੈਫਾਲੀ ਨੇ ਵੀ ਛੱਕਿਆਂ ਦੀ ਝੜੀ ਲਾ ਦਿੱਤੀ। ਉਸ ਦੇ ਪੰਜ ਛੱਕਿਆਂ ਵਿੱਚੋਂ ਜ਼ਿਆਦਾਤਰ ਡੀਪ ਮਿਡਵਿਕਟ ਵੱਲ ਗਏ। ਉਸ ਨੇ ਸਪਿੰਨ ਗੇਂਦਬਾਜ਼ਾਂ ਵਿਰੁੱਧ ਸਵੀਪ ਸ਼ਾਟ ਵੀ ਖੇਡੇ। ਇਹ ਉਸ ਦਾ ਲਗਾਤਾਰ ਦੂਜਾ ਅਰਧ ਸੈਂਕੜਾ ਸੀ।

ਹਰਮਨਪ੍ਰੀਤ ਨੇ ਪੰਜ ਛੱਕੇ ਜੜੇ

ਸ਼ੈਫਾਲੀ ਦੇ ਆਊਟ ਹੋਣ ਮਗਰੋਂ ਹਰਮਨਪ੍ਰੀਤ ਨੇ ਭਾਰਤੀ ਪਾਰੀ ਨੂੰ ਹੋਰ ਤੇਜ਼ੀ ਦਿੱਤੀ। ਉਸ ਨੇ ਪੰਜ ਛੱਕੇ ਜੜਦਿਆਂ ਜ਼ਿੰਬਾਬਵੇ ਦੇ ਗੇਂਦਬਾਜ਼ਾਂ 'ਤੇ ਦਬਾਅ ਬਣਾਈ ਰੱਖਿਆ। 37 ਸਾਲਾ ਹਰਮਨਪ੍ਰੀਤ ਏਸ਼ੀਆ ਕੱਪ ਦੌਰਾਨ ਹੋਲੀਆਂ ਪਿੱਚਾਂ 'ਤੇ ਆਪਣਾ ਹਮਲਾਵਰ ਅੰਦਾਜ਼ ਨਹੀਂ ਦਿਖਾ ਸਕੀ ਸੀ। ਜਾਪਾਨ ਵਿੱਚ ਹੋਈਆਂ ਏਸ਼ਿਆਈ ਖੇਡਾਂ ਵਿੱਚ ਭਾਰਤ ਦੀ ਖ਼ਿਤਾਬੀ ਜਿੱਤ ਦੌਰਾਨ ਵੀ ਉਸ ਨੂੰ ਬੱਲੇਬਾਜ਼ੀ ਦੇ ਵੱਧ ਮੌਕੇ ਨਹੀਂ ਮਿਲੇ ਸਨ। ਹਰਮਨਪ੍ਰੀਤ ਨੇ ਕਿਹਾ, "ਚੰਗਾ ਲੱਗ ਰਿਹਾ ਹੈ ਕਿ ਮੈਨੂੰ ਮੈਦਾਨ 'ਤੇ ਬੱਲੇਬਾਜ਼ੀ ਕਰਨ ਲਈ ਸਮਾਂ ਮਿਲਿਆ। ਮੈਂ ਸਿਰਫ਼ ਖੇਡ ਦਾ ਆਨੰਦ ਮਾਣਨਾ ਅਤੇ ਜਿੰਨਾ ਹੋ ਸਕੇ, ਲੰਮਾ ਸਮਾਂ ਬੱਲੇਬਾਜ਼ੀ ਕਰਨਾ ਚਾਹੁੰਦੀ ਸੀ।" ਭਾਰਤ ਨੇ ਆਖ਼ਰੀ ਪੰਜ ਓਵਰਾਂ ਵਿੱਚ ਚਾਰ ਵਿਕਟਾਂ ਗੁਆ ਕੇ ਵੀ 62 ਦੌੜਾਂ ਜੋੜੀਆਂ ਅਤੇ ਜ਼ਿੰਬਾਬਵੇ ਸਾਹਮਣੇ ਵੱਡਾ ਟੀਚਾ ਰੱਖਿਆ।

ਪੁਰਤਗਾਲ ਕੈਂਪ ਛੱਡਣ 'ਤੇ ਰੋਨਾਲਡੋ 30 ਦਿਨਾਂ ਲਈ ਮੁਅੱਤਲ ਅਤੇ 255 ਯੂਰੋ ਦਾ ਜੁਰਮਾਨਾ

ਪੁਰਤਗਾਲੀ ਕੈਂਪ ਵਿੱਚੋਂ ਬਾਹਰ ਜਾਣ ਕਾਰਨ ਕ੍ਰਿਸਟਿਆਨੋ ਰੋਨਾਲਡੋ ਨੂੰ ਰਾਸ਼ਟਰੀ ਫੈਡਰੇਸ਼ਨ ਵੱਲੋਂ 30 ਦਿਨਾਂ ਦੀ ਮੁਅੱਤਲੀ ਅਤੇ 255 ਯੂਰੋ ($285) ਦਾ ਜੁਰਮਾਨਾ ਕੀਤਾ ਗਿਆ ਹੈ। ਪੁਰਤਗਾਲੀ ਫੁੱਟਬਾਲ ਫੈਡਰੇਸ਼ਨ ਨੇ ਰੋਨਾਲਡੋ ਨੂੰ ਅਸਥਾਈ ਤੌਰ 'ਤੇ ਮੁਅੱਤਲ ਕੀਤਾ ਸੀ ਅਤੇ ਸੋਮਵਾਰ ਨੂੰ ਇਸ ਸਜ਼ਾ ਨੂੰ "ਢੁਕਵੀਂ ਅਤੇ ਕਾਫ਼ੀ" ਕਰਾਰ ਦਿੱਤਾ ਹੈ।

ਫੈਡਰੇਸ਼ਨ ਨੇ ਦੱਸਿਆ ਕਿ ਰੋਨਾਲਡੋ ਨੇ ਸ਼ੁੱਕਰਵਾਰ ਨੂੰ ਦਿੱਤੇ ਇੱਕ ਅਧਿਕਾਰਕ ਬਿਆਨ ਵਿੱਚ ਆਪਣੇ ਉੱਤੇ ਲੱਗੇ ਦੋਸ਼ਾਂ ਅਤੇ ਉਨ੍ਹਾਂ ਨਾਲ ਜੁੜੇ ਤੱਥਾਂ ਨੂੰ ਪੂਰੀ ਤਰ੍ਹਾਂ ਮੰਨ ਲਿਆ ਹੈ। ਫੈਡਰੇਸ਼ਨ ਅਨੁਸਾਰ ਉਸ ਦੇ ਗ਼ਲਤੀ ਮੰਨਣ ਅਤੇ ਪਹਿਲਾਂ ਤੋਂ ਸਾਫ਼-ਸੁਥਰੇ ਅਨੁਸ਼ਾਸਨੀ ਰਿਕਾਰਡ ਕਾਰਨ ਸਜ਼ਾ ਘਟਾਉਣ ਵਿੱਚ ਮਦਦ ਮਿਲੀ। ਰਾਹਤ ਦੇਣ ਵਾਲੇ ਇਨ੍ਹਾਂ ਕਾਰਨਾਂ ਨੂੰ ਧਿਆਨ ਵਿੱਚ ਰੱਖਣ ਤੋਂ ਬਾਅਦ ਵੀ ਲਗਾਇਆ ਗਿਆ ਜੁਰਮਾਨਾ ਫੈਡਰੇਸ਼ਨ ਦੇ ਨਿਯਮਾਂ ਮੁਤਾਬਕ ਵੱਧ ਤੋਂ ਵੱਧ ਸੀ।

ਰੋਨਾਲਡੋ ਮੁਅੱਤਲੀ ਖ਼ਿਲਾਫ਼ ਅਪੀਲ ਕਰ ਸਕਦਾ ਹੈ, ਪਰ ਉਸ ਨੇ ਪਹਿਲਾਂ ਹੀ ਮੁਆਫ਼ੀ ਮੰਗ ਲਈ ਸੀ ਅਤੇ ਕਿਹਾ ਸੀ ਕਿ ਉਸ ਨੂੰ ਸਜ਼ਾ ਮਿਲਣ ਦੀ ਉਮੀਦ ਹੈ। ਉਸ ਨੇ ਮੁਅੱਤਲੀ ਦੀ ਖ਼ਬਰ 'ਤੇ ਤੁਰੰਤ ਕੋਈ ਜਨਤਕ ਪ੍ਰਤੀਕਿਰਿਆ ਨਹੀਂ ਦਿੱਤੀ ਸੀ। ਹਾਲ ਹੀ ਵਿੱਚ ਹੋਏ ਨੇਸ਼ਨਜ਼ ਲੀਗ ਮੈਚਾਂ ਦੌਰਾਨ, ਰੋਨਾਲਡੋ ਨੇ ਵੇਲਜ਼ ਵਿਰੁੱਧ ਸ਼ੁਰੂਆਤੀ ਜਿੱਤ ਵਿੱਚ ਖੇਡਿਆ ਸੀ ਅਤੇ ਫਿਰ 27 ਸਤੰਬਰ ਨੂੰ ਨਾਰਵੇ ਵਿੱਚ ਹੋਈ ਜਿੱਤ ਦੌਰਾਨ ਉਹ ਇੱਕ ਅਣਵਰਤਿਆ ਬਦਲਵਾਂ ਖਿਡਾਰੀ ਸੀ। ਰੋਨਾਲਡੋ ਨੇ ਕੋਚ ਜੋਰਜ ਜੇਸੁਸ 'ਤੇ ਉਸ ਨੂੰ ਖਿਡਾਉਣ ਦੇ ਸਮਝੌਤੇ ਨੂੰ ਤੋੜਨ ਦਾ ਦੋਸ਼ ਲਗਾਇਆ ਅਤੇ ਕੈਂਪ ਛੱਡ ਕੇ ਚਲਾ ਗਿਆ। ਉਸ ਤੋਂ ਬਿਨਾਂ, ਪੁਰਤਗਾਲ ਨੇ ਕੁਆਰਟਰ ਫ਼ਾਈਨਲ ਵਿੱਚ ਪਹੁੰਚਣ ਲਈ ਡੈਨਮਾਰਕ ਅਤੇ ਨਾਰਵੇ ਨੂੰ ਫਿਰ ਤੋਂ ਹਰਾਇਆ। ਮੁਅੱਤਲੀ 1 ਅਕਤੂਬਰ (ਡੈਨਮਾਰਕ ਵਾਲੇ ਦਿਨ) ਤੋਂ ਸ਼ੁਰੂ ਹੋਈ ਸੀ, ਜਿਸ ਦਾ ਮਤਲਬ ਹੈ ਕਿ ਉਹ 19 ਦਿਨ ਪੂਰੇ ਕਰ ਚੁੱਕਾ ਹੈ ਅਤੇ ਉਮੀਦ ਹੈ ਕਿ ਉਹ 14 ਨਵੰਬਰ ਨੂੰ ਡੈਨਮਾਰਕ ਵਿਰੁੱਧ ਪੁਰਤਗਾਲ ਦੇ ਅਗਲੇ ਨੇਸ਼ਨਜ਼ ਲੀਗ ਮੈਚ ਲਈ ਉਪਲੱਬਧ ਹੋਵੇਗਾ।

ਭਾਰਤ ਨੂੰ ਤਿੰਨ ਕਾਂਸੀ ਤਗ਼ਮੇ

ਰੋਹਿਤ, ਜਸਕਰਨ ਸਿੰਘ ਅਤੇ ਚੰਦਰਮੋਹਨ ਨੇ ਅੰਡਰ-23 ਵਿਸ਼ਵ ਕੁਸ਼ਤੀ ਚੈਂਪੀਅਨਸ਼ਿਪ 'ਚ ਆਪੋ-ਆਪਣੇ ਭਾਰ ਵਰਗਾਂ 'ਚ ਕਾਂਸੀ ਦੇ ਤਗ਼ਮੇ ਜਿੱਤੇ ਹਨ ਜਿਸ ਨਾਲ ਭਾਰਤ ਨੇ ਛੇ ਤਗ਼ਮਿਆਂ ਨਾਲ ਇਸ ਟੂਰਨਾਮੈਂਟ ਦੀ ਸਮਾਪਤੀ ਕੀਤੀ ਹੈ। ਰੋਹਿਤ ਨੇ 57 ਕਿਲੋ ਰੈਪੇਚੇਜ਼ ਦੌਰ 'ਚ ਮਾਲਦੋਵਾ ਦੇ ਇਓਨ ਬੁਲਗਾਰੂ ਨੂੰ ਤਕਨੀਕੀ ਬਿਹਤਰੀ ਦੇ ਆਧਾਰ 'ਤੇ 12-2 ਨਾਲ ਹਰਾਇਆ। ਇਸ ਮਗਰੋਂ ਉਸ ਨੇ ਕਾਂਸੀ ਤਗ਼ਮੇ ਦੇ ਮੁਕਾਬਲੇ 'ਚ ਅਰਮੀਨੀਆ ਦੇ ਆਰਮਨ ਹਾਰੂਤਯੁਨਿਆਨ ਨੂੰ 8-3 ਨਾਲ ਮਾਤ ਦਿੱਤੀ। ਸੈਮੀ ਫਾਈਨਲ 'ਚ ਹਾਰਨ ਮਗਰੋਂ ਜਸਕਰਨ (65 ਕਿਲੋ) ਨੇ ਬੇਲਾਰੂਸ ਦੇ ਮਾਗੋਮੇਦਖਾਨ ਮਾਗੋਮੇਦਖਾਨੋਵ ਨੂੰ 8-5 ਨਾਲ ਹਰਾ ਕੇ ਭਾਰਤ ਦੇ ਤਗ਼ਮਿਆਂ ਦੀ ਗਿਣਤੀ 'ਚ ਵਾਧਾ ਕੀਤਾ ਹੈ। ਚੰਦਰਮੋਹਨ (79 ਕਿਲੋ) ਨੇ ਕਾਂਸੀ ਤਗ਼ਮੇ ਦੇ ਮ